# ਖਾਲਸਾ ਰਹਿਤ

# ਕੇਸਕੀ

# (ਦਸਤਾਰ)

SIKHBOOKCLUB.COM

## ਸੂਰਾ ਪਰਵਾਰ

ਭੇਟਾ 5 ਰੁਪਏ


www.sikhbookclub.com

SIKHBOOKCLUB.COM

ੴ ਵਾਹਿਗੁਰੂ ਜੀ ਕੀ ਫ਼ਤਹ॥

# ਖ਼ਾਲਸਾ ਰਹਿਤ

# ਕੇਸਕੀ (ਦਸਤਾਰ)

('ਸੂਰਾ' ਮਾਸਕ ਪੱਤਰ ਵਿਚ ਛਪੇ ਖੋਜ-ਭਰੇ ਲੇਖਾਂ ਦਾ ਸੰਗ੍ਰਹਿ)

ਸੰਪਾਦਕ
'ਸੂਰਾ' ਪਰਵਾਰ

ਪ੍ਰਕਾਸ਼ਕ
'ਸੂਰਾ' ਮਾਸਕ ਪੱਤਰ
ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ

 www.sikhbookclub.com

# ਤਤਕਰਾ

ਸਿਖ ਇਸਤ੍ਰੀਆਂ ਤੇ ਦਸਤਾਰ
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ 5

ਸਿਖ ਰਹਿਤ ਮਰਯਾਦਾ ਤੇ ਪੰਜ ਤਖ਼ਤਾਂ ਦਾ ਪਿਛੋਕੜ
ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ 12

ਕੇਸਕੀ (ਭੱਟ ਵਹੀਆਂ ਚੋਂ)
ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ 20

ਕੇਸਗੀ ਖ਼ਾਲਸਈ ਕਕਾਰ ਹੈ !
ਪ੍ਰਿੰਸੀਪਲ ਗੁਰਮੁਖ ਸਿੰਘ ਜੀ 24

ਕੀ ਸਿੰਘ ਬੀਬੀਆਂ ਲਈ ਕੇਸਕੀ ਜ਼ਰੂਰੀ ਹੈ ?
ਸ: ਗੁਰਚਰਨ ਸਿੰਘ ਜੀ ਲੁਧਿਆਣਾ 30

ਕੇਸਕੀ ਤੇ ਸਿੰਘਣੀਆਂ
ਬੀਬੀ ਪਰਮਜੀਤ ਕੌਰ ਜੀ 41

ਕੇਸਕੀ ਦੀ ਸੋਭਾ
ਭਾਈ ਸਾਹਿਬ ਰਾਮ ਸਿੰਘ ਜੀ 48

ਕੇਸਕੀ (ਦਸਤਾਰ) ਖ਼ਾਲਸਾ ਰਹਿਤ
'ਸੂਰਾ' ਪਰਵਾਰ 59

੧੯੬੩, ੧੯੮੪, ੧੯੯੯, ੧੯੯੧
ਪੰਜਵੀਂ ਵਾਰ ਮਈ ੧੯੯੬

 www.sikhbookclub.com

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਦਰਸ਼ਕ ਮਨੁਖ ਦਾ ਚਿਤ੍ਰ "ਸਾਬਤ ਸੂਰਤਿ ਦਸਤਾਰ ਸਿਰਾ" ਅਜ਼ਲੀ ਸ਼ਬਦਾਂ ਵਿਚ ਚਿਤਰਿਆ ਹੋਇਆ ਹੈ। ਸਿਖ ਧਰਮ ਵਿਚ ਦਸਤਾਰ ਦਾ ਇਤਿਹਾਸ ਧਰਮ ਦੇ ਅਰੰਭ ਜਿੰਨਾ ਹੀ ਪੁਰਾਣਾ ਹੈ, ਤੇ ਦਸਤਾਰ ਸਿੱਖੀ ਦਾ ਅਨਿਖੜਵਾਂ ਅੰਗ ਹੈ।

ਕੇਸ ਗੁਰੂ ਦੀ ਮੁਹਰ ਹਨ। ਸਿਖ ਲਈ ਕੇਸਾਂ ਦਾ ਸਤਿਕਾਰ ਗੁਰੂ ਦਾ ਹੀ ਸਤਿਕਾਰ ਹੈ। ਕੇਸਾਂ ਦੇ ਸਤਿਕਾਰ ਵਾਸਤੇ ਅਪਣਾਏ ਜਾਣ ਵਾਲੇ ਕਈ ਤਰੀਕਿਆਂ ਵਿਚੋਂ ਕੇਸਕੀ (ਦਸਤਾਰ) ਦੀ ਧਾਰਨਾ ਇਹ ਪ੍ਰਧਾਨ ਤਰੀਕਾ ਹੈ। ਖ਼ਾਲਸਾ ਜੀ ਦੀ ਸਿਰਜਨਾ ਕਰਦਿਆਂ ਕੇਸਾਂ ਨੂੰ ਮਹਾਨ ਮਹੱਤਤਾ ਦਿਤੀ ਗਈ, ਇਸ ਲਈ ਜਿਹੜੇ ਅਸਥਾਨ ਤੇ ਖ਼ਾਲਸਾ ਜੀ ਦੀ ਸਿਰਜਨਾ ਕੀਤੀ ਗਈ ਉਹ ਕੇਸ-ਗੜ੍ਹ ਸਾਹਿਬ ਹੋ ਨਿਬੜਿਆ। ਕੇਸਾਂ ਦੀ ਸਾਰ-ਸੰਭਾਲ ਲਈ 'ਕੇਸਕੀ' ਰਹਿਤ ਦਾ ਅੰਗ ਬਣੀ।

ਸਿਖ ਮਰਦ ਤਾਂ ਕੇਸਕੀ ਦੇ ਧਾਰਨੀ ਹਨ, ਪਰ ਸਿਖ ਬੀਬੀਆਂ ਦੀ ਬਹੁ-ਗਿਣਤੀ ਫੈਸ਼ਨ ਦੇ ਰੋੜ੍ਹ ਕਾਰਨ ਗੁਰੂ ਪਾਤਸ਼ਾਹ ਦੇ ਬਖ਼ਸ਼ੇ ਇਸ ਨੂਰਾਨੀ ਤਾਜ (ਕੇਸਕੀ) ਤੋਂ ਵਿਰਵੀ ਹੋ ਗਈ ਹੈ। ਭਾਰਤ ਵਿੱਚ ਅੰਗਰੇਜ਼ੀ ਰਾਜ ਦੇ ਸਮੇਂ ਤੱਕ ਸਿੱਖ ਬੀਬੀਆਂ ਨੇ ਕੇਸਕੀ ਦੀ ਧਾਰਨਾ ਬਹੁਤ ਹੱਦ ਤੱਕ ਕਾਇਮ ਰੱਖੀ ਹੋਈ ਸੀ। ਇਸ ਦੇ ਅਧਾਰ ਤੇ ਹੀ; ਉਨ੍ਹਾਂ ਦੀ ਵਿਲੱਖਣਤਾ ਦਾ ਜ਼ਿਕਰ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਆਪਣੀ ਪੁਸਤਕ "History of the Sikhs" ਵਿਚ ਲਿਖਦਾ ਹੈ-

"The Sikh women are distinguished from Hindus of their Sex by some variety of dress, but chiefly by a higher top knot of hair."

Appendix XIV, Page 318, 1915

ਇਸ ਤੋਂ ਪਿੱਛੋਂ ਪੱਛਮੀ ਆਚਾਰ-ਵਿਹਾਰ ਦੇ ਨਸ਼ੇ ਵਿੱਚ ਗਲਤਾਨ ਹੋ ਕੇ ਸਿੱਖ ਬੀਬੀਆਂ ਨੇ ਵੱਡੇ ਪੱਧਰ ਤੇ ਕੇਸਕੀ ਦਾ ਤਿਆਗ ਕੀਤਾ। ਇਸ ਵਿੱਚ ਕਸੂਰ ਧਾਰਮਕ ਲੀਡਰਸ਼ਿਪ ਦਾ ਵੀ ਹੈ, ਜਿਨ੍ਹਾਂ ਨੇ ਕੇਸਕੀ ਦੀ

ਮਹੱਤਤਾ ਨੂੰ ਜਾਣ ਬੁਝ ਕੇ ਨਜ਼ਰ-ਅੰਦਾਜ਼ ਕੀਤਾ। ਫਿਰ ਇਸ ਅਧੋਗਤੀ ਦੀ ਜ਼ਿੰਮੇਵਾਰੀ ਤੋਂ ਉਹ ਪਰਵਾਰ ਵੀ ਨਹੀਂ ਬਚ ਸਕਦੇ ਜੋ ਆਪ ਕੇਸਕੀ ਦੇ ਧਾਰਨੀ ਹਨ ਤੇ ਹੋਰਨਾਂ ਨੂੰ ਕੇਸਕੀ ਧਾਰਨ ਦੀ ਪ੍ਰੇਰਨਾ ਕਰਦੇ ਹਨ, ਪਰ ਉਨ੍ਹਾਂ ਦੇ ਪਰਵਾਰ ਵਿਚ ਬੱਚੀਆਂ ਇੰਗਲਿਸਤਾਨੀ ਫੈਸ਼ਨ ਕਰਕੇ ਨੰਗੇ ਸਿਰ ਵਿਚਰਦੀਆਂ ਹਨ। ਇਸ ਦਾ ਸਿੱਟਾ ਸਪਸ਼ਟ ਹੈ ਕਿ ਅੱਜ ਦੀ ਨਵੀਂ ਪਨੀਰੀ ਕੇਸਕੀ ਤਾਂ ਕੀ, ਕੇਸਾਂ ਤੋਂ ਵੀ ਨਾਬਰ ਹੈ। ਅਜੇ ਵੀ ਵੇਲਾ ਹੈ ਕਿ ਕੌਮ ਸੰਭਲੇ, ਨਹੀਂ ਤਾਂ ਇਸ ਅਣਗਹਿਲੀ ਲਈ ਆਉਂਦੀਆਂ ਨਸਲਾਂ ਸਾਨੂੰ ਕੋਸਣਗੀਆਂ।

'ਸੂਰਾ' ਮਾਸਕ ਪੱਤਰ ਵਿੱਚ ਸਮੇਂ ਸਮੇਂ ਛਪੇ ਲੇਖਾਂ ਦਾ ਇਹ ਸੰਗ੍ਰਹਿ, ਟ੍ਰੈਕਟ ਰੂਪ ਵਿੱਚ ਛਾਪਣ ਦਾ ਮੰਤਵ ਕੇਵਲ ਕੌਮ ਦਾ ਧਿਆਨ ਇਸ ਮਹੱਤਵ-ਪੂਰਣ ਵਿਸ਼ੇ ਵਲ ਦਿਵਾਉਣਾ ਹੈ। ਸਤਿਗੁਰੂ ਮੇਹਰ ਕਰਨ!!

ਜਿਸ ਕਿਸੇ ਦੇ ਅੰਦਰ ਸਤਿਗੁਰਾਂ ਦਾ ਪਿਆਰ ਸਤਿਕਾਰ ਜਾਗੇਗਾ, ਉਹ ਅਵੱਸ਼ ਹੀ ਸਤਿਗੁਰਾਂ ਦੀ ਰਹਿਤ ਦਾ ਪ੍ਰੀਤਵਾਨ ਬਣੇਗਾ। ਉਹ ਖ਼ਾਲਸਈ ਚਿੰਨ੍ਹ 'ਕੇਸਕੀ' ਨੂੰ ਧਾਰਨ ਕਰਕੇ ਆਪਣੇ ਅੰਦਰ "ਮੈਂ ਗੁਰ ਮਿਲਿ ਉਚ ਦੁਮਾਲੜਾ" ਦਾ ਗੌਰਵ ਪ੍ਰਤੀਤ ਕਰਦਾ ਹੋਇਆ ਸੰਸਾਰ ਵਿੱਚ ਗੁਰਸਿੱਖੀ ਦਾ ਆਦਰਸ਼ਕ ਤੇ ਵਿਲੱਖਣ ਨਮੂਨਾ ਪੇਸ਼ ਕਰ ਕੇ ਗੁਰੂ ਦੀ ਪ੍ਰਸੰਨਤਾ ਦਾ ਪਾਤਰ ਬਣੇਗਾ।

ਸੰਪਾਦਕ

# ਸਿੱਖ ਇਸਤ੍ਰੀਆਂ ਤੇ ਦਸਤਾਰ

(ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਰੀਸਰਚ ਸਕਾਲਰ ਸ਼੍ਰੋਮਣੀ ਗੁ: ਪ੍ਰ: ਕਮੇਟੀ)

ਸਿੱਖਾਂ ਦੀ ਰਹਿਤ-ਬਹਿਤ ਜਿਵੇਂ ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਨਾਲੋਂ ਵੱਖਰੀ ਹੈ, ਤਿਵੇਂ ਸਿੱਖ ਇਸਤ੍ਰੀਆਂ ਵੀ ਰਹਿਤ ਬਹਿਤ ਦੇ ਨੁਕਤਾ-ਨਿਗਾਹ ਤੋਂ ਉਪ੍ਰੋਕਤ ਮਜ਼ਹਬਾਂ ਦੀਆਂ ਇਸਤ੍ਰੀਆਂ ਦੇ ਮੁਕਾਬਲੇ ਤੇ ਅਲੱਗ ਹਨ। ਹੋਰ ਪੰਜ ਕਕਾਰ ਆਦਿ ਦੀ ਰਹਿਤ ਬਹਿਤ ਤੋਂ ਇਲਾਵਾ ਸਿੱਖ ਇਸਤ੍ਰੀਆਂ ਦੀ ਆਦਿ ਕਾਲ ਤੋਂ ਵੱਡੀ ਖ਼ੂਬੀ ਇਹ ਰਹੀ ਹੈ ਕਿ ਨੱਕ, ਕੰਨ ਅਣਵਿੱਧ ਰਖਦੀਆਂ ਤੇ ਗਹਿਣਾ ਗੱਟਾ ਕੋਈ ਨਹੀਂ ਪਾਂਦੀਆਂ। ਖੰਡੇ ਦਾ ਅੰਮ੍ਰਿਤ ਪਾਨ ਤੇ ਸਿਰ ਉੱਤੇ ਦਸਵੇਂ ਦੁਆਰ ਪੁਰ ਜੂੜਾ (knot) ਤੇ ਉਸ ਦੇ ਉੱਪਰ ਦਸਤਾਰ ਸਜਾਉਣੀ ਉਨ੍ਹਾਂ ਦੇ ਜੀਵਨ ਦਾ ਮੁੱਖ ਕਰਤੱਵ ਰਿਹਾ ਹੈ। ਇਸ ਦੇ ਨਾਲ ਹੀ ਤਨ ਕੱਜਣ ਲਈ ਸਿੱਧੇ ਸਾਦੇ ਵਸਤ੍ਰਾਂ ਦੇ ਪਹਿਰਾਵੇ ਨਾਲ ਹੀ ਸ਼ਸਤ-ਅਸਤ੍ਰਾਂ ਦਾ ਹੁਨਰ-ਮੰਦਾਨਾ ਪ੍ਰਯੋਗ ਕਰਨ ਤੋਂ ਲੋੜ ਪੈਣ ਤੇ ਉਹਨਾਂ ਨੇ ਕਦੇ ਆਲਸ ਨਹੀਂ ਦਿਖਾਈ। ਇਹ ਖ਼ੂਬੀ, ਜਿੱਥੋਂ ਤੱਕ ਪੰਜਾਬੀ ਸਿੱਖ ਇਸਤ੍ਰੀਆਂ ਦੇ ਵੀਰਤਾ ਭਰੇ ਜੀਵਨ ਦਾ ਸੰਬੰਧ ਹੈ, ਉਨ੍ਹਾਂ ਨੇ ਹਮੇਸ਼ਾ ਹੀ ਆਪਣੇ ਅੰਗ ਸੰਗ ਰੱਖੀ ਹੈ। ਸਿੱਖ ਇਤਿਹਾਸ ਦੇ ਪਤਰਿਆਂ ਉਤੇ ਅੰਕਿਤ ਮਾਤਾ ਭਾਗ ਕੌਰ, ਬੀਬੀ ਸ਼ਰਨ ਕੌਰ ਤੇ ਮਾਤਾ ਕਿਸ਼ਨ ਕੌਰ ਕਾਉਂਕੇ (ਲੁਧਿਆਣਾ) ਦੇ ਜੀਵਨ ਤੋਂ ਇਸ ਸਚਾਈ ਦਾ ਅਨੁਮਾਨ ਸਹਿਜੇ ਹੀ ਲੱਗ ਸਕਦਾ ਹੈ।

ਅਠ੍ਹਾਰਵੀਂ ਸਦੀ ਦੇ ਅੱਧ ਵਿਚਕਾਰ ਜਦੋਂ ਪੰਜਾਬ ਵਿਚ ਲਾਹੌਰ ਦੇ ਹਾਕਮਾਂ ਨੇ ਅੱਤ ਚੱਕੀ ਹੋਈ ਸੀ ਤਾਂ ਸਿੱਖ ਨੌਜਵਾਨ ਤਾਂ ਉਸ ਸਮੇਂ ਜੰਗਲਾਂ ਵਿੱਚ ਚਲੇ ਗਏ ਸਨ, ਇਸ ਲਈ ਬਹੁਤ ਸਾਰੇ ਜ਼ਾਲਮ ਤੇ ਲਾਲਚੀ ਲੋਕ, ਸਿੱਖਾਂ ਦੀ ਅਣਹੋਂਦ ਕਾਰਨ, ਪਿੰਡਾਂ ਵਿਚੋਂ ਸਿੱਖ ਇਸਤ੍ਰੀਆਂ ਦੇ ਸਿਰ ਹੀ ਕੱਟ ਲਿਜਾਂਦੇ ਤੇ ਉਨ੍ਹਾਂ ਦੇ ਸਿਰਾਂ ਬਦਲੇ ਸੂਬਾ ਲਾਹੌਰ ਤੋਂ ਇਨਾਮ ਹਾਸਲ ਕਰਦੇ ਸਨ। ਇਹ ਇਸ ਕਾਰਨ ਕਿ ਸਿੱਖ ਨੌਜਵਾਨਾਂ ਤੇ ਇਸਤ੍ਰੀਆਂ ਦੇ ਸਿਰਾਂ ਉੱਤੇ ਦਸਤਾਰ ਹੋਣ ਕਰਕੇ ਉਨ੍ਹਾਂ ਵਿੱਚ ਏਨਾ ਫ਼ਰਕ ਨਹੀਂ ਸੀ ਮਹਿਸੂਸ ਕੀਤਾ ਜਾਂਦਾ। ਪੇਂਡੂ ਸਿੱਖ ਮਰਦਾਂ ਤੇ ਇਸਤ੍ਰੀਆਂ ਉਤੇ ਜ਼ੁਲਮ ਦਾ ਇਹ ਝੱਖੜ ਸੂਬਾ ਖ਼ਾਨ ਬਹਾਦੁਰ ਦੇ ਸਮੇਂ ਤੋਂ ਲੈ ਕੇ ਮੀਰ ਮੰਨੂ ਦੇ ਸਮੇਂ ਤੱਕ ਝੁਲਦਾ ਰਿਹਾ, ਪਰ ਸਿੱਖ ਫੇਰ ਵੀ ਆਪਣੇ ਸਿਦਕ ਤੋਂ ਇਕ

ਰੱਤੀ ਭਰ ਵੀ ਪਿੱਛੇ ਨਾ ਹੱਟੇ, ਜੋ ਉਹਨਾਂ ਦੇ ਵੀਰਤਾ ਭਰੇ ਜੀਵਨ ਦੀ ਇੱਕ ਉੱਜਲ ਉਦਾਹਰਣ ਹੈ।

ਇਸ ਤੋਂ ਪਿਛੋਂ ਸਿੱਖਾਂ ਦੀਆਂ ਬਾਰ੍ਹਾਂ ਮਿਸਲਾਂ ਤੇ ਸਿਖ ਰਾਜ ਦੇ ਸਮੇਂ ਤਕ ਸਿਖ ਇਸਤ੍ਰੀਆਂ ਦੀ ਉਹੋ ਰਹਿਤ-ਬਹਿਤ ਰਹੀ, ਜੋ ਸ੍ਰੀ ਦਸਮੇਸ਼ ਦੇ ਸਮੇਂ ਤੋਂ ਹੀ ਸਿਖ ਪਰਿਵਾਰਾਂ ਵਿੱਚ ਆਮ ਪ੍ਰਚਲਤ ਸੀ। ਸਿਖ ਰਾਜ ਦੇ ਸਮੇਂ ਦੇ ਸਿਖ ਇਸਤ੍ਰੀਆਂ ਦੇ ਬਹੁਤ ਸਾਰੇ ਉੱਚੇ ਜੂੜੇ ਵਾਲੇ ਚਿਤ੍ਰ, ਜਿਨਾਂ ਤੋਂ ਉਨ੍ਹਾਂ ਦੇ ਦਸਤਾਰ-ਧਾਰਨੀ ਹੋਣ ਦਾ ਪਤਾ ਲਗਦਾ ਹੈ, ਕਈ ਥਾਵੇਂ ਅਜਾਇਬ ਘਰਾਂ ਵਿਚੋਂ ਮਿਲਦੇ ਹਨ। ਅਜਿਹੇ ਦੋ ਚਿਤ੍ਰ ਬੰਬਈ ਦੇ ਅੰਗ੍ਰੇਜ਼ੀ ਰਸਾਲਾ 'ਮਾਰਗ' (ਜੂਨ ੧੯੭੭) ਦੇ ਅੰਮ੍ਰਿਤਸਰ ਦੇ ਵਿਸ਼ੇਸ਼ ਅੰਕ ਸਫ਼ਾ ੬੫ ਪਰ ਵੀ ਛਪੇ ਹੋਏ ਹਨ। ਪ੍ਰਸਿੱਧ ਇਤਿਹਾਸਕਾਰ ਮਿਸਟਰ ਜੇ. ਡੀ. ਕਨਿੰਘਮ ਨੇ ਇਸੇ ਕਾਰਨ History of the Skikhs ਵਿਚ ਸਿਖ ਇਸਤ੍ਰੀਆਂ ਦਾ ਪਹਿਰਾਵਾ ਦਸਦਿਆਂ ਹੋਇਆਂ ਉਨ੍ਹਾਂ ਦੇ ਸਿਰ ਉਤੇ knot (ਜੂੜੇ) ਦਾ ਜ਼ਿਕਰ ਕੀਤਾ ਹੈ।

ਸਿਖ ਰਾਜ ਤੋਂ ਪਿਛੋਂ ਅੰਗਰੇਜ਼ੀ ਰਾਜ ਸਮੇਂ ਜਦ ਏਥੇ ਸੰਨ ੧੮੭੩ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਕਾਇਮ ਹੋਣ ਪਿਛੋਂ ਸਿੰਘ ਸਭਾ ਲਹਿਰ ਚਲੀ ਤਾਂ ਬਹੁਤ੍ਰੇ ਸਿੰਘ -ਸਭੀਏ ਸਿੱਖ ਇਸਤ੍ਰੀਆਂ ਲਈ ਦਸਤਾਰ ਦਾ ਪਹਿਰਾਵਾ ਜ਼ਰੂਰੀ ਸਮਝਦੇ ਸਨ, ਜਿਸ ਕਰਕੇ ਸਿੱਖ ਬੀਬੀਆਂ ਦੇ ਸਕੂਲਾਂ- ਖਾਲਸਾ ਭੁਜੰਗਣ ਸਕੂਲ ਕੈਰੋਂ (ਅੰਮ੍ਰਿਤਸਰ ), ਖਾਲਸਾ ਕੰਨਿਆ ਸਕੂਲ ਜਸਪਾਲੋਂ, ਸਿੱਖ ਕੰਨਿਆ ਵਿਦਿਆਲਾ ਫ਼ੀਰੋਜ਼ਪੁਰ, ਵਿਦਿਆ ਭੰਡਾਰ ਪੰਚਖੰਡ (ਭਸੋੜ) ਰਿਆਸਤ ਪਟਿਆਲਾ ਆਦਿ ਸਕੂਲਾਂ ਦੀਆਂ ਵਿਦਿਆਰਥਣਾਂ ਦਸਤਾਰ ਦੀਆਂ ਧਾਰਨੀ ਸਨ। ਏਥੋਂ ਤਕ ਕਿ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਲੇਖਕ ਤੇ ਮਹਾਂ ਕਵੀ ਭਾਈ ਵੀਰ ਸਿੰਘ ਜੀ ਨੇ ਆਪਣੀ ਪ੍ਰਸਿੱਧ ਕਾਵਯ-ਰਚਨਾ "ਰਾਣਾ ਸੂਰਤ ਸਿੰਘ " ਵਿਚ ਵੀ ਉਸ ਦੀ ਨਾਇਕਾ ਰਾਣੀ ਰਾਜ ਕੌਰ ਦੇ ਸਿਰ ਉਤੇ ਦਸਤਾਰ ਦਿਖਾਈ ਹੈ, ਜੋ ਉਸ ਸਮੇਂ ਦੇ ਸਿੱਖ ਇਸਤ੍ਰੀਆਂ ਦੇ ਦਸਤਾਰੇ ਦੇ ਪਹਿਰਾਵੇ ਦਾ ਇਕ ਸਪੱਸ਼ਟ ਪ੍ਰਮਾਣ ਹੈ।

ਫੇਰ ਸਿੰਘ ਸਭਾ ਲਹਿਰ ਤੋਂ ਪਿਛੋਂ ਸੰਨ ੧੯੨੦ ਤੋਂ ੧੯੨੩ ਤਕ ਅਕਾਲੀ ਲਹਿਰ ਦੇ ਸਮੇਂ ਵਿਚ ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਕਮੇਟੀ ਦੇ ਲਗਭਗ ਸਾਰੇ ਹੀ ਮੈਂਬਰ ਸਿੱਖ ਇਸਤ੍ਰੀਆਂ ਲਈ ਦਸਤਾਰ ਦੀ

ਧਾਰਨਾ, ਸਿੱਖੀ ਜੀਵਨ ਦਾ ਇੱਕ ਲਾਜ਼ਮੀ ਅੰਗ ਸਮਝਦੇ ਸਨ, ਜਿਸ ਕਾਰਨ ਉਸ ਸਮੇਂ ਅਕਾਲ ਤਖ਼ਤ ਸਾਹਿਬ ਆਦਿ ਥਾਵੀਂ ਜਿਨ੍ਹਾਂ ਪਰਿਵਾਰਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਜਾਂਦਾ ਸੀ, ਉਨ੍ਹਾਂ ਵਿਚੋਂ ਸਿਖ ਬੀਬੀਆਂ ਲਾਜ਼ਮੀ ਤੌਰ ਤੇ ਦਸਤਾਰ ਦੀਆਂ ਧਾਰਨੀ ਹੁੰਦੀਆਂ ਸਨ, ਨਹੀਂ ਤਾਂ ਉਨ੍ਹਾਂ ਨੂੰ ਕਿਸੇ ਹੋਰ ਹਾਲਤ ਵਿੱਚ ਅੰਮ੍ਰਿਤ ਨਹੀਂ ਛਕਾਇਆ ਜਾਂਦਾ ਸੀ। ਉਸ ਸਮੇਂ ਸੈਂਟਰਲ ਖ਼ਾਲਸਾ ਮਾਝਾ ਦੀਵਾਨ ਤੇ ਗੜਗੱਜ ਅਕਾਲੀ ਲਹਿਰ ਦੇ ਰੂਪ ਵਿਚ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ, ਸਾਰੇ ਹੀ ਸਿਖ ਬੀਬੀਆਂ ਲਈ ਦਸਤਾਰ ਦੀ ਧਾਰਨਾ ਦੇ ਹਾਮੀ ਸਨ, ਜਿਸ ਕਰਕੇ ਉਨ੍ਹਾਂ ਦੇ ਘਰਾਂ ਵਿਚ ਸਭ ਬੀਬੀਆਂ ਤੇ ਇਸਤ੍ਰੀਆਂ ਪੰਜ ਕਕਾਰਾਂ, ਸਮੇਤ ਦਸਤਾਰ ਦੀਆਂ ਧਾਰਨੀ ਹੁੰਦੀਆਂ ਸਨ।

ਸੰਨ ੧੯੨੬ ਦੇ ਅੱਧ ਵਿਚਕਾਰ ਜਦ ਗੁਰਦੁਆਰਾ ਐਕਟ ੧੯੨੫ ਦੇ ਮੁਤਾਬਿਕ ਗੁਰਦੁਆਰਾ ਸੈਂਟਰਲ ਬੋਰਡ ਦੇ ਨਾਂ ਹੇਠ ਨਵੀਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਜੂਦ ਵਿੱਚ ਆਈ, ਤਾਂ ਗੁਰੂ ਪੰਥ ਵਿਚ ਅੰਗਰੇਜ਼ੀ ਕਾਨੂੰਨ-ਕਾਇਦੇ ਮੁਤਾਬਿਕ ਸਰਬ-ਸੰਮਤੀ ਦੀ ਥਾਵੇਂ ਬਹੁ-ਸੰਮਤੀ ਪ੍ਰਧਾਨ ਹੋਈ ਤਾਂ ਬਹੁਤੇ ਪਰਿਵਾਰਾਂ ਵਿਚ ਸਿਖ ਬੀਬੀਆਂ ਦੇ ਸਿਰੋਂ ਦਸਤਾਰਾਂ ਲਹਿਣੀਆਂ ਸ਼ੁਰੂ ਹੋਈਆਂ ਤੇ ਕੁਝ ਸਮੇਂ ਪਿਛੋਂ ਸ੍ਰੀ ਅਕਾਲ ਤਖ਼ਤ ਸਾਹਿਬ ਆਦਿ ਥਾਵੀਂ ਦਸਤਾਰ-ਹੀਨ ਸਿਖ ਬੀਬੀਆਂ ਲਈ ਨੱਕ-ਕੰਨ ਗਹਿਣੇ ਗੱਟੇ ਨਾ ਪਾਉਣ ਦੀ ਪਾਬੰਦੀ ਵੀ ਹਟਣ ਲੱਗ ਪਈ, ਜਿਸ ਕਾਰਨ ਹੁਣ ਕਹਿੰਦੇ-ਕਹਾਉਂਦੇ ਕਿਤਨੇ ਹੀ ਸਿੱਖ ਪਰਿਵਾਰਾਂ ਵਿਚ ਵਿੱਲੜ-ਪੁਣੇ ਦਾ ਇਤਨਾ ਜ਼ੋਰ ਹੈ ਕਿ ਸਿਖ ਬੀਬੀਆਂ ਤੇ ਹਿੰਦੂ, ਮੁਸਲਿਮ ਜਾਂ ਈਸਾਈ ਬੀਬੀਆਂ ਦੇ ਪਹਿਰਾਵੇ ਦਾ ਪਰਸਪਰ ਕੋਈ ਫ਼ਰਕ ਬਾਕੀ ਰਿਹਾ ਨਜ਼ਰ ਨਹੀਂ ਆਉਂਦਾ। ਏਥੋਂ ਤੱਕ ਕਿ ਗ੍ਰੰਥੀਆਂ, ਜਥੇਦਾਰਾਂ, ਪੰਜ ਪਿਆਰਿਆਂ ਤੇ ਸਿੱਖੀ ਪ੍ਰਚਾਰ ਦੇ ਮੋਢੀਆਂ ਦੇ ਘਰਾਂ ਵਿਚ ਹਿੰਦੂ ਮੁਸਲਮ ਪਹਰਿਾਵੇ ਦੀਆਂ ਧਾਰਨੀ ਜਾਂ ਗਹਿਣੇ ਗੱਟੇ ਪਾਉਣ ਵਾਲੀਆਂ ਫ਼ੈਸ਼ਨਦਾਰ ਬੀਬੀਆਂ ਦਾ ਹੀ ਬੋਲ-ਬਾਲਾ ਹੈ, ਜੋ ਸਕੂਲਾਂ ਵਿਚ ਵੀ (N.C.C.) ਐਨ. ਸੀ. ਸੀ. ਦੀਆਂ ਪਰੇਡਾਂ ਸਮੇਂ ਸਿਰਾਂ ਉਤੇ ਟੋਪੀ ਲੈਣਾ ਗੁਨਾਹ ਨਹੀਂ ਸਮਝਦੀਆਂ। ਉਨ੍ਹਾਂ ਦਾ ਇਹ ਪਹਿਰਾਵਾ ਮੇਰੇ ਤਜ਼ਰਬੇ ਵਿਚ ਆਈ ਮਿਸਾਲ ਦਾ ਇਕ ਪਰਤੋ ਹੈ।

ਹੁਣ ਸਾਡੇ ਸਿਖ ਆਗੂ ਜਾਂ ਗੁਰਮਤਿ ਪ੍ਰਚਾਰ ਦੇ ਮੋਢੀ ਕਦੋਂ

ਆਪਣੇ ਪੂਰਬਲੇ ਗੌਰਵ ਦਾ ਚੇਤਾ ਕਰ ਕੇ ਅੱਗਾ ਸਵਾਰਨ ਦਾ ਜਤਨ ਕਰਨਗੇ, ਇਸ ਬਾਰੇ ਹਾਲੇ ਕੋਈ ਆਸ਼ਾ ਦੀ ਕਿਰਨ ਨਜ਼ਰ ਨਹੀਂ ਆਉਂਦੀ। ਪਰ ਹਾਂ, ਅਜੇ ਥੋੜਾ ਚਿਰ ਹੀ ਹੋਇਆ, ਸਾਡੀ ਰਾਜਧਾਨੀ ਚੰਡੀਗੜ੍ਹ ਵਿਚ ਸਕੂਟਰ ਚਲਾਉਂਦੀ ਇੱਕ ਸਿਖ ਬੀਬੀ ਦਾ ਚਾਲਾਨ ਪੁਲਿਸ ਨੇ ਏਸ ਕਰਕੇ ਕਰ ਦਿੱਤਾ ਕਿ ਉਸ ਨੇ ਆਪਣੇ ਸਿਰ ਉਤੇ ਨਵੇਂ ਸਰਕਾਰੀ ਕਾਨੂੰਨ-ਕਾਇਦੇ ਦੇ ਮੁਤਾਬਿਕ ਲੋਹ-ਟੋਪ ਨਹੀਂ ਸੀ ਪਹਿਨਿਆ ਹੋਇਆ। ਪਰ ਇਸ ਕਾਇਦੇ ਦੇ ਬਾਵਜੂਦ ਕਿ ਦਸਤਾਰ-ਧਾਰੀ ਸਿਖ ਮਰਦ-ਇਸਤ੍ਰੀਆਂ ਲਈ ਸਕੂਟਰ ਚਲਾਉਣ ਸਮੇਂ ਲੋਹ-ਟੋਪ ਪਹਿਨਣ ਤੋਂ ਛੋਟ ਹੈ, ਪਰ ਫੇਰ ਵੀ ਪੁਲਿਸ ਨੇ ਦਸਤਾਰ ਨਾ ਦਿਸਣ ਕਰਕੇ ਉਸ ਬੀਬੀ ਦਾ ਚਾਲਾਨ ਕਰ ਹੀ ਦਿੱਤਾ। ਇਸ ਸੰਬੰਧ ਵਿਚ ਮੁਕੱਦਮਾ ਚੱਲਣ ਤੇ ਸ਼ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਤੇ ਹੋਰ ਕਈ ਪਤਵੰਤੇ ਸਿੱਖਾਂ ਦੀ ਗਵਾਹੀ ਹੋਈ, ਜਿਸ ਕਰਕੇ ਇਸ ਕੇਸ ਦੇ ਫੈਸਲੇ ਵਜੋਂ ਚੰਡੀਗੜ੍ਹ ਦੇ ਜੁਡੀਸ਼ਲ ਮੈਜਿਸਟਰੇਟ ਸ੍ਰੀ ਬੀ. ਸੀ. ਰਾਜਪੂਤ ਨੇ ਫੈਸਲਾ ਦਿੱਤਾ ਕਿ ੨੨ ਫਰਵਰੀ ੧੯੭੩ ਦੇ ਨੋਟੀਫਿਕੇਸ਼ਨ ਅਨੁਸਾਰ ਦਸੰਤਾਰ ਪਹਿਨਣ ਵਾਲੇ ਸਿੱਖਾਂ ਤੇ ਦਸਤਾਰ ਪਹਿਨਣ ਵਾਲੀਆਂ ਬੀਬੀਆਂ ਨੂੰ ਛੋਟ ਦਿੱਤੀ ਗਈ ਹੈ, ਇਸ ਲਈ ਇਸ ਕਾਂਡ ਵਿਚ ਦੋਸ਼ੀ ਕੁਮਾਰੀ ਇੰਦ੍ਰਮੋਹਨ ਕੌਰ ਨੂੰ ਉਸ ਦੇ ਬਿਆਨ ਦੇਣ ਤੇ ਕਿ ਉਸ ਸਕੂਟਰ ਚਲਾਉਣ ਸਮੇਂ ਦਸਤਾਰ ਪਹਿਨੀ ਹੋਈ ਸੀ, ਅਦਾਲਤ ਵਲੋਂ ਕੁਝ ਇਤਰਾਜ਼ ਹੋਣ ਦੇ ਬਾਵਜੂਦ ਰਿਹਾਈ ਮਿਲ ਗਈ। (ਦੇਖੋ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ, ੪ ਸਤੰਬਰ, ੧੯੭੪ ਸਫ਼ਾ ੨, ਕਾਲਮ ੩-੪)

ਇਹ ਜੋ ਸਿਖ ਬੀਬੀਆਂ ਦੇ ਦਸਤਾਰ ਪਹਿਨਣ ਸੰਬੰਧੀ ਇਕ ਪਹਿਲਾ ਕੇਸ, ਜੋ ਚੰਡੀਗੜ੍ਹ ਪੁਲੀਸ ਨੇ ਕਾਨੂੰਨ ਦੀ ਆੜ ਲੈ ਕੇ ਜਾਂ ਐਵੇਂ ਕਿਸੇ ਬਹਾਨੇ ਜਾਣ ਬੁੱਝ ਕੇ ਚਲਾਇਆ, ਪਰ ਇਹ ਮਸਲਾ ਸਿੱਖ ਬੀਬੀਆਂ ਲਈ ਨਾ ਕੇਵਲ ਸਕੂਟਰ ਚਲਾਉਣ ਤਕ ਹੀ ਮਹਿਦੂਦ ਹੈ, ਸਗੋਂ ਹੋਰ ਸਕੂਲ-ਕਾਲਜਾਂ ਆਦਿ ਵਿਚ ਐਨ. ਸੀ. ਸੀ. ਦੀ ਪਰੇਡ ਕਰਨ ਸਮੇਂ ਵੀ ਇਹੋ ਝਗੜਾ ਬੁਰੀ ਤਰ੍ਹਾਂ ਪੇਸ਼ ਆਉਂਦਾ ਹੈ, ਜਿਸ ਕਰਕੇ ਕਈ ਸਿਖ ਬੀਬੀਆਂ ਸਿਰਾਂ ਤੇ ਰੁਮਾਲ ਬੰਨ੍ਹ ਕੇ ਐਨ. ਸੀ. ਸੀ. ਦੀ ਪਰੇਡ ਕਰ ਆਉਂਦੀਆਂ ਹਨ, ਪਰ ਕਈ ਸਿਰਕੱਢ ਸਿੱਖਾਂ ਦੀਆਂ ਫੈਸ਼ਨ-ਪ੍ਰਸਤ ਬੀਬੀਆਂ ਜੋ ਟੋਪੀ ਪਹਿਨਣਾ ਗੁਨਾਹ ਨਹੀਂ ਸਮਝਦੀਆਂ, ਸਿਰਾਂ ਤੇ ਟੋਪੀ

ਲੈ ਕੇ ਹੋਰ ਸਿੱਖ ਲੜਕੀਆਂ ਲਈ ਸਖ਼ਤ ਮੁਸ਼ਕਿਲ ਖੜ੍ਹੀ ਕਰ ਦੇਂਦੀਆਂ ਹਨ। ਇਹੋ ਹਾਲ ਫੌਜੀ ਅਦਾਰਿਆਂ ਦਾ ਹੈ, ਜੋ ਹਰ ਮੁਮਕਿਨ ਤਰੀਕੇ ਨਾਲ ਹਟਾਉਣਾ ਯੋਗ ਹੈ।

ਸਿੱਖ ਬੀਬੀਆਂ ਤੇ ਸਿੱਖੀ ਪ੍ਰਚਾਰ ਦਾ ਭਵਿੱਖ ਅੱਗੇ ਲਈ ਕਿਹੋ ਜਿਹਾ ਹੈ, ਇਸ ਗੱਲ ਦਾ ਅਨੁਮਾਨ ਸਿਖਾਂ ਦੇ ਵਰਤਮਾਨ ਰਾਜਨੀਤਿਕ ਤੇ ਵਿਦਿਅਕ ਝੁਕਾਵਾਂ ਤੋਂ ਲਾਇਆ ਜਾ ਸਕਦਾ ਹੈ। ਸਿੱਖ ਘੱਟ ਗਿਣਤੀ ਵਿਚ ਹੋਣ ਕਰਕੇ ਰਾਜਨੀਤਕ ਪੱਖ ਤੋਂ ਹਮੇਸ਼ਾ ਪਛੜੇ ਰਹੇ ਤੇ ਰਾਜਨੀਤਕ ਮੁਕਾਬਲੇ ਤੇ ਵਿਦਿਅਕ ਪੱਖ ਵੀ ਇਨ੍ਹਾਂ ਦਾ ਇਸ ਕਰਕੇ ਕਮਜ਼ੋਰ ਹੈ ਕਿ ਇਨ੍ਹਾਂ ਨੂੰ ਆਪਣੇ ਘਰ ਦੀ ਬੜੀ ਘੱਟ ਜਾਣ-ਪਛਾਣ ਹੈ। ਇਸੇ ਕਾਰਨ ਉੱਨਤੀ ਦੇ ਮੈਦਾਨ ਵਿਚ ਅੱਗੇ ਵਧਣ ਤੋਂ ਵੀ ਕਈ ਵੇਰ ਪਛੜੇਂਵੇਂ ਦਾ ਕੁਝ ਅਨੁਮਾਨ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਪਹਿਲੇ ਪਹਿਲ ਸਾਡੇ ਸਿਖ ਜਦ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਥਾਵੀਂ ਗਏ ਤਾਂ ਆਪਣੇ ਧਰਮ ਵਲੋਂ ਢਿਲੜ ਤੇ ਅਨਜਾਣ ਹੋਣ ਕਰਕੇ ਵਿਦੇਸ਼ੀਆਂ ਦੇ ਮਾਇਆ-ਜਾਲ ਵਿਚ ਫਸ ਕੇ ਬੜੀ ਤੇਜ਼ੀ ਨਾਲ ਪਤਿਤ ਹੋਣ ਲੱਗ ਪਏ ਤੇ ਉਹਨਾਂ ਦੀਆਂ ਪਤਨੀਆਂ ਮੇਮਾਂ ਦੀਆਂ ਰੰਗਣਾਂ ਵਿਚ ਰੰਗੀਆਂ ਗਈਆਂ।

ਹੁਣ ਗੁਰੂ-ਮਿਹਰ ਸਦਕਾ ਅਮਰੀਕਾ ਦੇ ਵਸਨੀਕ ਸਿੰਘ ਸੱਜਣੇ ਸ਼ੁਰੂ ਹੋ ਗਏ। ਇਨ੍ਹਾਂ ਦੀ ਪੰਜ-ਕਕਾਰੀ ਰਹਿਤ ਬਹਿਤ, ਖਾਸ ਕਰ ਬੀਬੀਆਂ ਦੇ ਸਿਰਾਂ ਤੇ ਸਜੀਆਂ ਦਸਤਾਰਾਂ ਵੇਖ ਕੇ ਸਿਖੀਓਂ ਪਤਿਤ ਹੋ ਚੁੱਕੇ ਸਿਖਾਂ ਨੂੰ ਹੋਸ਼ ਆ ਰਹੀ ਹੈ ਅਤੇ ਉਹ ਦੁਬਾਰਾ ਸਿੰਘ ਸਜ ਕੇ ਸੁਰਜੀਤ ਹੋਣ ਲਗ ਪਏ ਹਨ। ਇਸ ਲਹਿਰ ਦੇ ਨਾਲ ਏਥੋਂ ਵਿਦੇਸ਼ ਜਾਣ ਵਾਲੇ ਸਿੱਖਾਂ ਨੂੰ ਪਤਿਤ ਹੋਣ ਤੋਂ ਹਮੇਸ਼ਾ ਲਈ ਠਲ੍ਹ ਪੈ ਰਹੀ ਹੈ। ਹੁਣ ਨਿਕਟ-ਭਵਿੱਖ ਵਿਚ ਜੇ ਪੰਜਾਬ ਦੇ ਸਿੱਖ, ਜਿਥੋਂ ਕਿ ਸਿਖ ਧਰਮ ਉਪਜਿਆ ਨਿਪਜਿਆ ਹੈ, ਜੇ ਆਪਣੇ ਘਰ ਤੋਂ ਅਨਜਾਣ ਤੇ ਅਵੇਸਲੇ ਰਹੇ ਤਾਂ ਸਿੱਖ ਧਰਮ , ਬੁੱਧ ਧਰਮ ਦੀ ਤਰ੍ਹਾਂ ਜੋ ਹਿਜਰਤ ਕਰਕੇ ਏਥੋਂ ਅਮਰੀਕਾ, ਕੈਨੇਡਾ ਆਦਿ ਥਾਵੀਂ ਚਲਿਆ ਜਾਵੇ ਤਾਂ ਇਸ ਦੀ ਜ਼ਿੰਮੇਵਾਰੀ ਹੋਰ ਕਿਸੇ ਦੀ ਨਹੀਂ, ਸਾਡੀ ਆਪਣੀ ਹੋਵੇਗੀ। ਸਿੱਖ ਆਗੂਆਂ ਲਈ ਅੱਗੇ ਵਾਸਤੇ ਆਪਣਾ ਆਪਾ ਸੁਧਾਰਨ ਤੇ ਸੰਭਲ ਕੇ ਚੱਲਣ ਦੀ ਲੋੜ ਹੈ।

('ਸੂਰਾ' ਅਕਤੂਬਰ ੧੯੭੮)

ਇਕ ਤਾਰੀਖ਼ੀ ਹਕੀਕਤ-

# ਸਿੱਖ ਰਹਿਤ ਮਰਯਾਦਾ ਤੇ ਪੰਜਾਂ ਤਖ਼ਤਾਂ ਦਾ ਪਿਛੋਕੜ

(ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ', ਰੀਸਰਚ ਸਕਾਲਰ, ਸ਼੍ਰੋ: ਗੁ: ਪ੍ਰ: ਕਮੇਟੀ)

ਗੁਰੂ ਖ਼ਾਲਸੇ ਦੇ ਪੰਜ ਸ਼ਾਹੀ ਤਖ਼ਤ ਮਸ਼ਹੂਰ ਸਨ - (੧) ਸ੍ਰੀ ਅਕਾਲ ਬੁੰਗਾ, ਅਰਥਾਤ ਅਕਾਲ ਤਖ਼ਤ ਅੰਮ੍ਰਿਤਸਰ, (੨) ਤਖ਼ਤ ਸ੍ਰੀ ਕੇਸਗੜ੍ਹ (ਅਨੰਦਪੁਰ ਸਾਹਿਬ), (੩) ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ), (੪) ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ-ਬਠਿੰਡਾ), ਤੇ (੫) ਤਖ਼ਤ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ (ਨੰਦੇੜ-ਦਖਣ)। ਸਿੱਖ ਰਹਿਤ ਮਰਯਾਦਾ ਦੇ ਨੁਕਤਾ ਨਿਗਾਹ ਤੋਂ ਪਹਿਲੇ ਪਹਿਲ ਇਨ੍ਹਾਂ ਪੰਜਾਂ ਤਖ਼ਤਾਂ ਦੇ ਤੌਰ ਤਰੀਕੇ, ਜਿਵੇਂ ਕਿ ਪੁਰਾਣੇ ਸਿੰਘ ਸਭੀਆਂ ਤੋਂ ਪਤਾ ਲਗਦਾ ਰਿਹਾ ਹੈ, ਇਕ ਸਨ। ਪਰ ਫੇਰ ਸੰਨ ੧੮੪੬ ਤੋਂ ੧੯੨੦ ਈ: ਤਕ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅੰਗਰੇਜ਼ੀ ਅਧਿਕਾਰ ਦੇ ਮਾਤਹਿਤ ਪੁਜਾਰੀਆਂ ਦੇ ਕਬਜ਼ੇ ਵਿਚ ਹੋਣ ਕਰਕੇ ਇਥੋਂ ਦੀ ਰਹਿਤ ਮਰਯਾਦਾ ਬਦਲਣੀ ਸ਼ੁਰੂ ਹੋਈ। ਕਾਰਨ ਇਸ ਅਦਲਾ ਬਦਲੀ ਦਾ ਇਹ ਸੀ ਕਿ ਸਿਖਾਂ ਦੀਆਂ ਬਾਰ੍ਹਾਂ ਮਿਸਲਾਂ ਦੇ ਸਮੇਂ ਸੰਨ ੧੭੬੪ ਤੋਂ ਸੰਨ ੧੮੪੫ ਈ: ਤੱਕ ਸ੍ਰੀ ਅਕਾਲ ਤਖ਼ਤ ਦਾ ਕਬਜ਼ਾ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਅਧੀਨ ਰਿਹਾ ਸੀ ਤੇ ਸਿੱਖ ਰਾਜ ਸਮੇਂ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਵਿਚ ਨਿਹੰਗ ਸਿੰਘਾਂ ਦੀ ਇਕ ਸਵਤੰਤਰ ਅਕਾਲ ਰਜਮੈਂਟ ਕਾਇਮ ਕਰ ਕੇ ਸ੍ਰੀ ਅਕਾਲ ਤਖ਼ਤ ਦੀ ਪੁਜ਼ੀਸ਼ਨ ਹੋਰ ਵੀ ਮਜ਼ਬੂਤ ਬਣਾ ਦਿਤੀ ਸੀ। ਜਿਸ ਕਰਕੇ ਖ਼ਾਲਸਾ ਪੰਥ ਦੇ ਸਾਰੇ ਗੁਰਮਤੇ ਬੁੱਢਾ ਦਲ ਦੇ ਅਧਿਕਾਰ ਹੇਠ ਸ੍ਰੀ ਅਕਾਲ ਤਖ਼ਤ ਦੇ ਦਰਸ਼ਨੀ ਡਿਉਢੀ ਦੇ ਵਿਚਕਾਰ ਬਣੇ ਇਕ ਸਵਤੰਤਰ ਭਵਨ ਵਿਚ, (ਜੋ ਪਿਛੋਂ ਅੰਗਰੇਜ਼ੀ ਅਮਲਦਾਰੀ ਸਮੇਂ ਢਾਹ ਦਿੱਤਾ ਗਿਆ ਸੀ), ਸਰਬ ਸੰਮਤੀ ਨਾਲ ਹੁੰਦੇ ਸਨ, ਪਰ ਫੇਰ ਸੰਨ ੧੮੪੫-੪੬ ਵਿਚ ਜਦ ਸਿੱਖਾਂ ਤੇ ਅੰਗਰੇਜ਼ਾਂ ਦੀ ਸਤਲੁਜ ਦੀ ਲੜਾਈ ਸਮੇਂ ਰਾਜਾ ਗੁਲਾਬ ਸਿੰਘ ਡੋਗਰੇ ਦੀਆਂ ਸਾਜ਼ਿਸ਼ਾਂ ਕਾਰਨ ਸਿੱਖਾਂ ਦੇ ਹਾਰਨ ਤੇ ਪੰਜਾਬ ਉਤੇ ਰੇਜ਼ੀਡੈਂਟ ਸਰ ਹੈਨਰੀ

ਲਾਰੰਸ ਦੇ ਅਧੀਨ ਈਸਟ ਇੰਡੀਆ ਕੰਪਨੀ ਦਾ ਅਧਿਕਾਰ ਹੋ ਗਿਆ ਤਾਂ ਹੋਰ ਸਿੱਖ ਰਜਮੈਂਟਾਂ ਦੇ ਨਾਲ ਹੀ ਨਿਹੰਗ ਸਿੰਘਾਂ ਦੀ ਅਕਾਲ ਰਜਮੈਂਟ ਤੋੜੀ ਜਾਣ ਤੇ ਮੱਲੋ ਜ਼ੋਰੀ ਸਰਕਾਰ ਅੰਗਰੇਜ਼ੀ ਦੇ ਹੁਕਮ ਨਾਲ ਸ੍ਰੀ ਅਕਾਲ ਤਖ਼ਤ ਵੀ ਨਿਹੰਗ ਸਿੰਘਾਂ ਦੀ ਥਾਵੇਂ ਪੁਜਾਰੀਆਂ ਦੇ ਕਬਜ਼ੇ ਵਿਚ ਚਲਾ ਗਿਆ, ਜਿਸ ਕਾਰਨ ਖ਼ਾਲਸੇ ਦਾ ਰਹਿੰਦਾ ਖੂੰਹਦਾ ਸਾਹ ਸੱਤ, ਸਿੱਖ ਰਹਿਤ ਮਰਯਾਦਾ ਵਿਚ ਉਲਟ ਫੇਰ ਹੋਣ ਤੇ ਖ਼ਤਮ ਹੋਣਾ ਇਕ ਕੁਦਰਤੀ ਗੱਲ ਸੀ। ਸ੍ਰੀ ਅਕਾਲ ਤਖ਼ਤ ਦਾ ਇਹੋ ਪ੍ਰਭਾਵ ਕਾਫ਼ੀ ਹੱਦ ਤੱਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਤੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਉਤੇ ਵੀ ਪਿਆ।

ਪਹਿਲੇ ਪਹਿਲ ਗੁਰੂ ਖ਼ਾਲਸੇ ਦੇ ਪੰਜਾਂ ਤਖ਼ਤਾਂ ਦੀ ਰਹਿਤ ਮਰਯਾਦਾ ਇਕ ਸੀ, ਤੇ ਸਾਰੇ ਸਿੱਖ ਉਸੇ ਰਹਿਤ ਬਹਿਤ ਦੇ ਧਾਰਨੀ ਸਨ, ਪਰ ਪਿਛੋਂ ਰਹਿਤ ਬਹਿਤ ਵਿਗਾੜਨ ਦਾ ਸਿਲਸਿਲਾ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਤੋਂ ਸ਼ੁਰੂ ਹੋ ਕੇ ਇਸ ਦਾ ਸਿੱਧਾ ਅਸਰ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਉਤੇ ਪਿਆ।

ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਭਾਈ ਸੁੱਖਾ ਸਿੰਘ ਨਾਮ ਦੇ ਦੋ ਵਿਅਕਤੀ ਹੋਏ ਹਨ। ਪਹਿਲਾ ਭਾਈ ਸੁੱਖਾ ਸਿੰਘ ਤਖ਼ਤ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਦਾ ਗਿਆਨੀ ਸੀ, ਜਿਸ ਨੇ ਕਵੀ ਕੋਇਰ ਸਿੰਘ ਕ੍ਰਿਤ ਗੁਰਬਿਲਾਸ ਪਾਤਸ਼ਾਹੀ ੧੦ (ਸੰਮਤ ੧੮੦੮) ਵਿਚ ਹੇਰ ਫੇਰ ਕਰ ਕੇ ਉਸੇ ਦੇ ਅਧਾਰ ਤੇ ਆਪਣਾ ਨਵਾਂ ਗੁਰ-ਬਿਲਾਸ ਪਾਤਸ਼ਾਹੀ ੧੦ ਸੰਮਤ ੧੮੫੪ ਵਿਚ ਤਿਆਰ ਕੀਤਾ ਸੀ। ਤਖ਼ਤ ਕੇਸਗੜ੍ਹ ਦੀ ਰਹਿਤ ਮਰਯਾਦਾ ਵਿਗਾੜਨ ਵਿਚ ਇਹ ਸਭ ਤੋਂ ਪਹਿਲਾ ਮੋਢੀ ਸੀ। ਇਸ ਤੋਂ ਬਾਅਦ ਦੂਜਾ ਭਾਈ ਸੁੱਖਾ ਸਿੰਘ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਦਾ ਗ੍ਰੰਥੀ ਸੀ। ਉਥੋਂ ਦੀ ਰਹਿਤ ਮਰਯਾਦਾ ਵਿਗਾੜਨ ਦੇ ਨਾਲ ਹੀ ਉਸ ਨੇ ਦਸਮੇਸ਼ ਜੀ ਦੇ ਨਾਂ ਤੇ ਨਵੀਂਆਂ ਰਚਨਾਵਾਂ : ਛਕੇ, ਸੁਖਮਨਾ ਆਦਿ ਲਿਖ ਕੇ ਦਸਮ ਗ੍ਰੰਥ ਦੀ ਇਕ ਨਵੀਂ ਬੀੜ ਬਣਾਈ ਸੀ, ਜੋ ਖ਼ਾਸ ਬੀੜ ਦੇ ਨਾਂ ਨਾਲ ਮਸ਼ਹੂਰ ਹੈ। ਇਸ ਦੇ ਨਾਲ ਹੀ ਇਸ ਨੇ ਦਸਮੇਸ਼ ਦੇ ਨਾਂ ਤੇ ਸਰਬ ਲੋਹ ਪ੍ਰਕਾਸ਼ ਨਾਮੀ ਇਕ ਨਵਾਂ ਗ੍ਰੰਥ ਲਿਖ ਕੇ ਪ੍ਰਸਤੁਤ ਕੀਤਾ ਸੀ, ਜੋ ਹੁਣ ਛਪਿਆ ਹੋਇਆ ਮਿਲਦਾ ਹੈ। ਪਟਨੇ ਸਾਹਿਬ ਦੀ ਰਹਿਤ ਮਰਯਾਦਾ ਵਿਗਾੜਨ ਵਿਚ ਇਸ ਦਾ ਖ਼ਾਸ ਹੱਥ ਸੀ।

ਇਨ੍ਹਾਂ ਤੋਂ ਬਾਅਦ ਕਵਿਰਾਜ ਬਾਬਾ ਸੁਮੇਰ ਸਿੰਘ ਜੀ ਭਲੇ ਨੇ ਜੋ ਇਕ ਪ੍ਰਕਾਰ ਦੇ ਨੀਮ ਹਿੰਦੂ ਹੋਣ ਕਰਕੇ ਅਨੇਕ ਪ੍ਰਕਾਰ ਦੇ ਕ੍ਰਿਤਿਮ ਦੇਵੀ-ਦੇਵਤਿਆਂ ਦੇ ਮੋਅਤਕਿਦ ਸਨ, ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ (ਬਿਹਾਰ) ਦੀ ਰਹਿਤ ਮਰਯਾਦਾ ਵਿਗਾੜ ਕੇ ਉਸ ਵਿਚ ਅਨੇਕ ਕਿਸਮ ਦੀਆਂ ਤਬਦੀਲੀਆਂ ਕੁਝ ਤੇ ਆਪ ਕੀਤੀਆਂ ਤੇ ਬਾਕੀ ਆਪਣੇ ਸ਼ਾਗਿਰਦ ਪੰਡਿਤ ਭਗਵਾਨ ਸਿੰਘ ਰਹਿਤਨਾਮੀਏ ਮਜੀਠਾ ਵਾਲੇ (ਅੰਮ੍ਰਿਤਸਰ) ਤੋਂ ਵਿਮਲ ਵਿਵੇਕ ਵਾਰਿਧਿ ਗ੍ਰੰਥ ਤੇ ਖ਼ਾਲਸਾ ਦਰਪਣ ਨਾਮੀ ਦੋ ਪੁਸਤਕਾਂ ਲਿਖਵਾ ਕੇ ਪੁਰਾਣੇ ਅਸਲੀ ਰਹਿਤਨਾਮਿਆਂ ਉਤੇ ਉੱਕਾ ਹੀ ਪੋਚਾ ਫਿਰਵਾ ਦਿੱਤਾ। ਭਾਈ ਕਾਨ੍ਹ ਸਿੰਘ ਜੀ ਨਾਭਾਂ ਦੇ ਕਥਨ ਅਨੁਸਾਰ 'ਪੰਡਿਤ ਭਗਵਾਨ ਸਿੰਘ (ਬਾਬਾ ਸੁਮੇਰ ਸਿੰਘ ਦੇ ਚਾਟੜੇ) ਨੇ ਇਕ ਬਿਬੇਕ ਵਾਰਿਧਿ ਗ੍ਰੰਥ ਸੰਮਤ ੪੦੮ ਗੁਰੂ ਨਾਨਕ ਸ਼ਾਹੀ ਵਿਚ ਲਿਖਿਆ ਹੈ, ਜਿਸ ਵਿਚ ੩੭ ਰਹਿਤਨਾਮਿਆਂ ਦਾ ਸੰਗ੍ਰਹਿ ਹੈ, ਪਰ ਉਸ ਨੇ ਆਪਣੀ ਮਨਮਤਿ ਮਿਲਾ ਕੇ ਗੁਰਮਤਿ ਅਲੋਪ ਕਰਨ ਦਾ ਯਤਨ ਕੀਤਾ ਹੈ। ਤੇ ਇਸੇ ਤਰ੍ਹਾਂ ਰਹਿਤ ਦਰਪਣ ਬਾਰੇ ਵੀ ਭਾਈ ਸਾਹਿਬ ਹੋਰਾਂ ਲਿਖਿਆ ਹੈ - " ਰਹਿਤ ਦਰਪਣ ਪੰਡਿਤ ਭਗਵਾਨ ਸਿੰਘ ਦਾ ਲਿਖਿਆ ਇਕ ਗ੍ਰੰਥ, ਜਿਸ ਵਿਚ ਉਸ ਨੇ ਆਪਣੇ ਨਿਸਚੇ ਅਨੁਸਾਰ ਸਿਖ ਧਰਮ ਦੀ ਰਹਿਤ ਲਿਖੀ ਹੈ।" (ਦੇਖੋ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਸੰਨ ੧੯੬੦, ਸਫ਼ਾ ੭੬੦)। ਪੰਡਿਤ ਭਗਵਾਨ ਸਿੰਘ ਦੇ ਇਹ ਦੋਵੇਂ ਹੱਥ ਲਿਖਿਤ ਗ੍ਰੰਥ ਭਾਈ ਕਾਨ੍ਹ ਸਿੰਘ ਜੀ ਨਾਭਾ ਤੇ ਡਾਕਟਰ ਤ੍ਰਿਲੋਚਨ ਸਿੰਘ ਜੀ ਲੁਧਿਆਣਾ ਦੇ ਪੁਸਤਕਾਲਯਾਂ ਵਿਚ ਸੁਰੱਖਿਅਤ ਹਨ।

ਨਾ ਕੇਵਲ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ (ਬਿਹਾਰ) ਹੀ, ਸਗੋਂ ਉਨ੍ਹਾਂ ਵਾਂਗ ਹੋਰ ਬੇਦੀ, ਤ੍ਰੇਹਣ, ਭਲੇ ਤੇ ਸੋਢੀ ਸਾਹਿਬਜ਼ਾਦੇ ਵੀ ਗੁਰਮਤਿ ਦਾ ਅਸਲੀ ਰਾਹ ਛੱਡ ਕੇ ਮਨਮਤਿ ਦੀ ਇਸ ਲਪੇਟ ਵਿਚ ਆਉਂਦੇ ਤੇ ਖੱਜਲ ਖੁਆਰ ਹੁੰਦੇ ਰਹੇ। ਪ੍ਰਮਾਣ ਵਜੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਖ਼ਾਨਦਾਨ ਵਿਚੋਂ ਸੋਢੀ ਪ੍ਰਿਥੀ ਚੰਦ ਦੇ ਵੰਸ਼ਜ ਤੇ ਸੋਢੀ ਕਮਲ ਨੈਨ ਦੇ ਪੋਤਰੇ ਸੋਢੀ ਭੂਪ ਸਿੰਘ ਜੀ ਗੁਰੂ ਕੇ ਕੋਠੇ (ਮਾਲਵਾ) ਵਾਲੇ ਇਸੇ ਧਾਰਮਿਕ ਗਿਰਾਵਟ ਦੇ ਕਾਰਨ ਬੁੱਢੇ ਹੋਣ ਤੇ ਇਸ ਖ਼ਿਆਲ ਨਾਲ ਬਨਾਰਸ ਜਾ ਵਸੇ ਕਿ ਉਥੇ ਸ਼ਿਵ ਜੀ ਦੀ ਪੁਰੀ ਵਿਚ ਦੇਹਾਂਤ ਹੋਣ ਤੇ ਸਹਿਜੇ ਹੀ ਉਨ੍ਹਾਂ ਦੀ ਮੁਕਤੀ ਹੋ ਜਾਵੇਗੀ। ਉਨ੍ਹਾਂ ਦੇ

ਇਸ ਕੱਚ-ਪਿੱਲ ਦੀ ਝਲਕ ਸੰਤ ਕਵੀ ਬਾਬਾ ਰਾਮ ਦਾਸ ਜੀ ਦੀਵਾਨੇ ਸਾਧੂ ਪਟਿਆਲੇ ਵਾਲੇ ਇਸ ਸ੍ਵੈਲਿਖਿਤ ਕਾਵਿ-ਰਚਨਾ ਵਿਚੋਂ ਸਾਫ਼ ਮਿਲਦੀ ਹੈ :-

ਕੋਠਾ ਸਾਹਿਬ ਕੋਲ ਕਾ, ਉਸ ਤੇ ਹੋਇ ਉਦਾਸ॥
ਸੋਢੀ ਸੁਧਿ ਕਰਿ ਮੁਕਤਿ ਕੀ, ਕਿਯੋ ਬਨਾਰਸ ਵਾਸ॥੧॥
ਕੌਲ ਨੈਨ ਕਾ ਪੋਤਰਾ, ਭੂਪ ਸਿੰਘ ਤਿਸ ਨਾਮ॥
ਮੁਕਤਿ ਮਾਂਗਨੈ ਕਾਰਨੈ, ਵਸ ਬਨਾਰਸ ਧਾਮ॥੨॥
ਤਿਸ ਨੇ ਹਮ ਕੋ ਲਿਖਿ ਪਠਾ, ਬਸੋ ਬਨਾਰਸ ਆਇ॥
ਅੰਤ ਵੇਰ ਔਖੀ ਸਮਯ, ਸ਼ਿਵ ਜੀ ਕਰਤਿ ਸਹਾਇ॥੩॥
ਹਮ ਉਸ ਕੋ ਉਤਰ ਲਿਖਾ, ਸੁਨੋ ਇਕਾਗ੍ਰ ਚੀਤ॥
ਛਡੈਂ ਨ ਸਤਿਗੁਰੁ ਆਸਰਾ, ਮੰਗੈਂ ਨ ਘਰਿ ਘਰਿ ਮੀਤ॥੪॥
ਆਸ ਤਜੀ ਦਰ ਆਨ ਕੀ, ਸਿਰ ਪਰ ਨਾਨਕ ਸ਼ਾਹ॥
ਸੁਰਗ ਮੁਕਤਿ ਸੁਖ ਰਾਜ ਤੇ, ਰਹਿਤੇ ਬੇਪਰਵਾਹ॥੫॥....
ਲਾਜ ਲਗਾਵੈਂ ਗੁਰੂ ਕੋ ਤਜੈਂ ਰਾਮ ਕੀ ਆਸ॥
ਮੁਕਤਿ ਮਾਂਗਨੈ ਕਾਰਨੈ, ਕਾਸ਼ੀ ਕਰੈ ਨ ਵਾਸ॥੧੦॥
ਸੇਵਕ ਨਾਨਕ ਸ਼ਾਹ ਕੇ, ਸ਼ਿਵ ਸਿਉਂ ਨਹੀਂ ਸਨੇਹ॥
ਚਰਨ ਗੁਰੂ ਕੇ ਚਿਤ ਵਸੈਂ, ਤਜੈਂ ਨ ਕਾਸ਼ੀ ਦੇਹ॥੧੨॥....
ਲੋਕ ਵਾਦ ਤੇ ਬਾਹਰਾ, ਗੁਰੂ ਨਾਨਕ ਕਾ ਪੰਥ॥
ਹਮ ਕਾਸ਼ੀ ਕਾਹੇ ਮਰੈਂ, ਛੋਡਿ ਗੁਰੂ ਕਾ ਪੰਥ॥੩੮॥
ਹਮਰੈ ਦ੍ਰਿਢ ਵਿਸ੍ਵਾਸ ਹੈ, ਚਰਣ ਕਮਲ ਕੀ ਟੇਕ॥
ਤਜੈਂ ਨ ਮਾਰਗ ਗੁਰੂ ਕਾ ਜੇ ਸੁਖ ਮਿਲੈਂ ਅਨੇਕ॥੩੯॥

(ਦੇਖੋ, ਹੱਥ ਲਿਖਿਤ ਬਾਣੀ ਬਾਬਾ ਰਾਮ ਦਾਸ ਜੀਉ ਕੀ)

ਤਖ਼ਤ ਕੇਸ ਗੜ੍ਹ ਤੇ ਸ੍ਰੀ ਹਰਿਮੰਦਰ ਸਾਹਿਬ ਪਟਨਾ (ਬਿਹਾਰ) ਤੋਂ ਬਾਅਦ ਫੇਰ ਵਾਰੀ ਆਈ ਤਖ਼ਤ ਸੱਚਖੰਡ ਸ੍ਰੀ ਅਬਿਚਲ ਨਗਰ ਹਜ਼ੂਰ ਸਾਹਿਬ (ਨੰਦੇੜ) ਦੀ। ਪਹਿਲੋ ਪਹਿਲ ਸਿੱਖ ਰਾਜ ਦੇ ਅੰਤਲੇ ਸਮੇਂ ਇਸ ਸੱਚਖੰਡੀ ਤਖ਼ਤ ਦੀ ਰਹਿਤ ਮਰਯਾਦਾ ਬੜੀ ਅਛੋਹ ਸੀ, ਜਿਥੇ ਕਿਸੇ ਵੀ ਪ੍ਰਕਾਰ ਦੀ ਮਨਮਤਿ ਦਾ ਪ੍ਰਭਾਵ ਨਹੀਂ ਸੀ ਪਿਆ। ਇਸੇ ਕਾਰਨ ਨਾਮਧਾਰੀ ਲਹਿਰ ਦੇ ਮੂਲ ਪ੍ਰਵਰਤਕ ਪਰਮ ਸਤਿਕਾਰ ਜੋਗ ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ (ਲੁਧਿਆਣਾ) ਤੋਂ ਇਕ ਬੜਾ ਵਿਸ਼ਵਾਸ ਪਾਤ੍ਰ

ਸੱਜਨ ਹਜ਼ੂਰ ਸਾਹਿਬ, ਉਥੋਂ ਦੀ ਨਿਰੋਲ ਗੁਰਮੁਖੀ ਰਹਿਤ ਮਰਯਾਦਾ ਦੇ ਅਧਿਐਨ ਵਾਸਤੇ, ਖ਼ਾਸ ਤੌਰ ਤੇ ਭੇਜਿਆ ਸੀ, ਤਾਂ ਕਿ ਨਾਮਧਾਰੀ ਦਰਬਾਰ ਵਲੋਂ ਉਸੇ ਗੁਰ ਮਰਯਾਦਾ ਦੀ ਪੈਰਵੀ ਕੀਤੀ ਜਾਵੇ। (ਦੇਖੋ, ਕੂਕਾ ਰੀਕਾਰਡਜ਼)। ਪਿਛੋਂ ਛੇਤੀ ਹੀ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਦੀ ਇਸ ਰਹਿਤ ਮਰਯਾਦਾ ਦਾ ਹਸ਼ਰ ਵੀ ਉਹੋ ਹੋਇਆ ਜੋ ਹੋਰ ਤਖ਼ਤ ਸਾਹਿਬਾਨ ਦੀ ਰਹਿਤ ਮਰਯਾਦਾ ਵਿਚ ਪਰਿਵਰਤਨ ਹੋਣ ਤੇ ਹੋਇਆ ਸੀ।

ਸਿਖ ਪੰਥ ਦਾ ਸਭ ਤੋਂ ਵੱਡਾ ਤੇ ਕਦੀਮੀ ਤਖ਼ਤ ਸ੍ਰੀ ਅਕਾਲ ਬੁੰਗਾ (ਪ੍ਰਸਿੱਧ ਨਾਮ ਸ੍ਰੀ ਅਕਾਲ ਤਖ਼ਤ ਸਾਹਿਬ) ਗੁਰਮੁਖੀ ਰਹਿਤ ਮਰਯਾਦਾ ਦੇ ਪੱਖੋਂ ਆਦਿ ਕਾਲ ਤੋਂ ਬੜਾ ਅਹਿਮ ਰੋਲ ਅਦਾ ਕਰਦਾ ਰਿਹਾ ਹੈ। ਇਸ ਤਖ਼ਤ ਵਲੋਂ ਹੁੰਦੀ ਰਹੀ ਧਾਰਮਿਕ ਤੇ ਸਿਆਸੀ ਰਹਿਨੁਮਾਈ ਦੀਆਂ ਮਿਸਾਲਾਂ ਸਿੱਖ ਮਿਸਲਾਂ ਤੇ ਸਿਖ ਰਾਜ ਦੇ ਇਤਿਹਾਸ ਵਿਚੋਂ ਮਿਲਦੀਆਂ ਹਨ। ਸੰਨ ੧੯੨੦ ਤੋਂ, ਜਦ ਕਿ ਗੁਰਦੁਆਰਾ-ਸੁਧਾਰ-ਅੰਦੋਲਨ ਦੇ ਨਾਂ ਹੇਠ ਲਹਿਰ ਸ਼ੁਰੂ ਹੋਈ, ਇਸ ਸਥਾਨ ਪਰ ਹਮੇਸ਼ਾ ਗੁਰਮੁਖੀ ਰਹਿਤ ਦਾ ਪਾਲਨ ਬੜੀ ਸਾਵਧਾਨੀ ਤੇ ਪਕਿਆਈ ਨਾਲ ਹੁੰਦਾ ਰਿਹਾ ਤੇ ਖੰਡੇ ਦਾ ਅੰਮ੍ਰਿਤ, ਸਿਖ ਮਰਦਾਂ ਤੇ ਇਸਤ੍ਰੀਆਂ ਨੂੰ ਇਕ ਸਮਾਨ ਪੰਜ ਕਕਾਰ ਦੀ ਧਾਰਨਾ ਰਖਵਾ ਕੇ, ਪਾਨ ਕਰਵਾਇਆ ਜਾਂਦਾ ਰਿਹਾ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵਿਚ ਉਸ ਸਮੇਂ ਗੜਗੱਜ ਅਕਾਲੀ ਦੀਵਾਨ ਤਰਨ ਤਾਰਨ ਤੇ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਕੀਰਤਨ ਗੜ੍ਹ (ਅੰਮ੍ਰਿਤਸਰ) ਦੇ ਅਗਾਂਹ-ਵਧੂ ਤੇ ਸਿਰਕੱਢ ਮੋਢੀ ਸ਼ਾਮਲ ਸਨ, ਜੋ ਸਾਰੇ ਹੀ ਸਿਖ ਇਸਤਰੀਆਂ ਤੇ ਬੀਬੀਆਂ ਲਈ ਉਨ੍ਹਾਂ ਦੇ ਸਿਰਾਂ ਉਤੇ ਬਕਾਇਦਾ ਦਸਤਾਰ ਦੀ ਧਾਰਨਾ ਦੇ ਹਾਮੀ ਸਨ, ਇਸ ਲਈ ਸ੍ਰੀ ਅਕਾਲ ਤਖ਼ਤ ਪਰ ਜਦੋਂ ਅੰਮ੍ਰਿਤ ਪ੍ਰਚਾਰ ਹੁੰਦਾ ਤਾਂ ਸਿਖ ਬੀਬੀਆਂ ਲਈ ਦਸਤਾਰ ਦੀ ਧਾਰਨਾ ਦੀ ਖ਼ਾਸ ਪਾਬੰਦੀ ਸੀ। ਨਹੀਂ ਤਾਂ ਜੇ ਬੀਬੀ ਸਿਰ ਉਤੇ ਦਸਤਾਰ ਅਥਵਾ ਕੇਸਕੀ ਨਾ ਸਜਾਉਂਦੀ ਤਾਂ ਉਸ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ। ਸਿਖ ਰਹਿਤ ਮਰਯਾਦਾ ਦੀ ਇਹ ਪਾਬੰਦੀ ਅਕਾਲੀ ਲਹਿਰ ਦੇ ਪਿਛੋਂ ਤਕ ਕਾਇਮ ਰਹੀ, ਤੇ ਇਹ ਪਾਬੰਦੀ ਅਕਾਲੀ ਲਹਿਰ ਦੇ ਪਿਛੋਂ ਤਕ ਕਾਇਮ ਰਹੀ, ਤੇ ਇਹ ਪਾਬੰਦੀ ਤਦ ਹੀ ਨਰਮ ਹੋਈ ਜਦ ਗਿਆਨੀ ਗੁਰਮੁਖ ਸਿੰਘ ਜੀ 'ਮੁਸਾਫ਼ਿਰ' ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨਿਯੁਕਤ ਕੀਤੇ ਗਏ। ਸਿਖ ਰਹਿਤ ਮਰਯਾਦਾ ਦੀ ਪਕਿਆਈ ਦੇ ਨੁਕਤਾ



 www.sikhbookclub.com

ਨਿਗਾਹ ਤੋਂ ਮਸਾਫ਼ਿਰ ਹੋਰੀਂ ਨਿਰੇ ਮੁਸਾਫ਼ਿਰ ਹੀ ਸਨ, ਇਸ ਲਈ ਉਹਨਾਂ ਨੇ ਆਪਣੇ ਇਕ ਸਪੈਸ਼ਲ ਆਰਡਰ ਰਾਹੀਂ ਪਹਿਲਾਂ ਤਾਂ ਇਕ ਹਫ਼ਤਾ ਬੀਬੀਆਂ ਨੂੰ ਬਿਨਾਂ ਦਸਤਾਰ ਤੇ ਫੇਰ ਇਕ ਹਫ਼ਤਾ ਦਸਤਾਰ ਸਹਿਤ ਅੰਮ੍ਰਿਤ ਛਕਾਉਣ ਦਾ ਆਦੇਸ਼ ਦਿੱਤਾ, ਪਰ ਫੇਰ ਪਿਛੋਂ ਇਸ ਬੰਧੇਜ ਨੂੰ ਹੋਰ ਵੀ ਨਰਮ ਕੀਤਾ ਤੇ ਬਿਨਾਂ ਦਸਤਾਰ ਦੇ ਹੀ ਅੰਮ੍ਰਿਤ ਛਕਾਉਣ ਦੀ ਖੁਲ੍ਹ ਦੇ ਦਿਤੀ। ਇਸ ਤਰ੍ਹਾਂ ਕਰਨ ਤੇ ਸਿਖ ਬੀਬੀਆਂ ਵਿਚ ਸਿਰਾਂ ਉਤੇ ਦਸਤਾਰ ਧਾਰਨ ਕਰਨ ਦਾ ਰਿਵਾਜ ਘਟਿਆ ਤੇ ਚੰਗੇ ਚੰਗੇ ਸਿਖ ਪਰਵਾਰਾਂ ਵਿਚ ਜਾਂਨੋਂਕੀ ਜੂੜੇ ਕਰਨ ਤੇ ਨੱਕ ਕੰਨ ਗਹਿਣੇ ਪੰਹਿਨਣ ਦਾ ਸ਼ੌਕ ਜ਼ੋਰ ਪਕੜ ਗਿਆ। ਇਸ ਲਈ ਸ੍ਰੀ ਅਕਾਲ ਤਖ਼ਤ ਦੀ ਉਹ ਰਹਿਤ ਮਰਯਾਦਾ, ਜੋ ਬਾਰ੍ਹਾਂ ਮਿਸਲਾਂ ਤੇ ਸਿਖ ਰਾਜ ਦੇ ਸਮੇਂ ਤੋਂ ਪ੍ਰਚਲਿਤ ਸੀ, ਸਹੇ ਦੇ ਸਿੰਗਾਂ ਵਾਂਗੂ ਅਜਿਹੀ ਲੁਪਤ ਹੋ ਗਈ ਕਿ ਹੁਣ ਉਸ ਦਾ ਕਿਤੇ ਨਾਂ-ਨਿਸ਼ਾਨ ਬੜਾ ਘੱਟ ਹੀ ਦੇਖਣ-ਸੁਣਨ ਵਿਚ ਮਿਲਦਾ ਹੈ। ਗੁਰਸਿਖੀ ਦੀ ਰਹਿਤ ਮਰਯਾਦਾ ਤੋਂ ਇਸੇ ਪੰਥਕ ਗਿਰਾਵਟ ਦਾ ਨਤੀਜਾ ਹੈ ਕਿ ਅਜ ਕਲ੍ਹ ਸਕੂਲਾਂ ਕਾਲਜਾਂ ਦੀਆਂ ਸਿਖ ਲੜਕੀਆਂ N.C.C. (ਐਨ. ਸੀ. ਸੀ.) ਦੀ ਪ੍ਰੇਡ ਸਮੇਂ ਦਸਤਾਰ ਦੀ ਥਾਵੇਂ ਟੋਪੀ ਪਹਿਨਣੀ ਤੇ ਸਕੂਟਰ ਚਲਾਉਣ ਸਮੇਂ ਲੋਹ-ਟੋਪ ਪਹਿਨਣਾ ਵਧੇਰੇ ਪਸੰਦ ਕਰਦੀਆਂ ਹਨ, ਹਾਲਾਂਕਿ ਚੰਡੀਗੜ੍ਹ-ਪ੍ਰਸ਼ਾਸਨ ਨੇ ਇਕ ਨੋਟੀਫਿਕੇਸ਼ਨ ਰਾਹੀਂ ਦਸਤਾਰ ਪਹਿਨਣ ਵਾਲੀਆਂ ਸਿੱਖ ਲੜਕੀਆਂ ਨੂੰ ਲੋਹ-ਟੋਪ ਪਹਿਨਣ ਤੋਂ ਛੋਟ ਦਿਤੀ ਹੈ।

(ਦੇਖੋ, ਰੋਜ਼ਾਨਾ ਅਜੀਤ, ਜਲੰਧਰ, ੧੦ ਨਵੰਬਰ ੧੯੭੮, ਸਫ਼ੇ ੧ ਤੇ ੬)

ਆਪਣੀ ਇਸ ਕਮਜ਼ੋਰੀ ਨੂੰ ਭਾਂਪ ਕੇ, ਆਸ ਹੈ, ਇਸ ਨੁਕਤੇ ਨੂੰ ਸਮਝਣ ਵਾਲੇ ਗੁਰਮਤਿ ਪ੍ਰੇਮੀ ਆਪਣੇ ਪ੍ਰਾਚੀਨ ਤੇ ਪੂਰਬਲੇ ਗੁਰਮਤਿ ਗੌਰਵ ਨੂੰ ਚੇਤੇ ਕਰ ਕੇ ਆਪਣਾ ਮੂਲ ਪਛਾਣਦੇ ਹੋਏ ਮੁੜ ਉਹੋ ਗੁਰਮੁਖੀ ਰਹਿਤ ਮਰਯਾਦਾ ਇਨ੍ਹਾਂ ਪੰਜ ਤਖ਼ਤਾਂ ਰਾਹੀਂ ਪ੍ਰਚਲਤ ਕਰ ਕੇ ਸਤਿਗੁਰੂ ਦੀਆਂ ਸਦੀਵੀ ਖੁਸ਼ੀਆਂ ਪ੍ਰਾਪਤ ਕਰਨਗੇ, ਨਹੀਂ ਤਾਂ ਸ੍ਰੀ ਦਸਮੇਸ਼ ਦਾ ਚਲਾਇਆ ਸੱਚਾ ਸੁੱਚਾ ਸਿਖ ਮਿਸ਼ਨ ਬੁਧ ਮਤ ਦੀ ਤਰ੍ਹਾਂ ਏਥੇ ਪੰਜਾਬ ਜਾਂ ਭਾਰਤ ਵਿਚ ਸਜੀਵ ਨਹੀਂ ਰਹਿ ਸਕੇਗਾ, ਸਗੋਂ ਇਸ ਨੂੰ ਅਮਰੀਕਾ, ਕੈਨੇਡਾ, ਇੰਗਲੈਂਡ, ਜਾਪਾਨ ਆਦਿ ਵਿਦੇਸ਼ਾਂ ਵਿਚ ਜਾ ਕੇ ਹੀ ਪਨਾਹ ਲੈਣੀ ਪਵੇਗੀ।



('ਸੂਰਾ' ਦਸੰਬਰ ੧੯੭੮)

# ਕੇਸਕੀ (ਭੱਟ-ਵਹੀਆਂ ਚੋਂ)

( ਪ੍ਰੋ: ਪਿਆਰਾ ਸਿੰਘ ਜੀ ਪਦਮ,ਪਟਿਆਲਾ)

*ਨੋਟ:- ਵਿਦਵਾਨ ਖੋਜੀ ਪ੍ਰੋ: ਪਿਆਰਾ ਸਿੰਘ ਜੀ ਪਦਮ। ਨੇ ਭੱਟਾਂ ਦੀਆਂ ਪੁਰਾਤਨ ਵਹੀਆਂ ਦਾ ਅਧਿਐਨ ਕਰਦਿਆਂ ਉਨ੍ਹਾਂ ਵਿਚੋਂ 'ਕੇਸਕੀ' ਕਕਾਰ ਬਾਰੇ ਇਕ ਪ੍ਰਮਾਣੀਕ ਸਬੂਤ ਲਭ ਕੇ ਭੇਜਿਆ ਹੈ, ਜੋ ਬੜੀ ਮਹਾਨਤਾ ਰਖਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਇਹ ਲੇਖ ਹੇਠਾਂ ਦਿੱਤਾ ਜਾ ਰਿਹਾ ਹੈ। ਸਾਡੀ ਅਰਦਾਸ ਹੈ ਕਿ ਸਮੁੱਚਾ ਪੰਥ ਕੇਸਕੀ ਦੇ ਮਹੱਤਵ ਨੂੰ ਪਛਾਣੇ, ਤਾਂ ਜੋ ਕੇਸਾਂ ਦਾ ਸਤਿਕਾਰ ਵਧੇ ਅਤੇ ਸਾਡੇ ਬੱਚੇ ਤੇ ਬੀਬੀਆਂ ਸਿਰੋਂ ਨੰਗੇ ਵਿਚਰ ਕੇ ਕੇਸਾਂ ਦੀ ਬੇਅਦਬੀ ਕਰਨ ਤੋਂ ਬਚ ਸਕਣ।*

*- ਸੰਪਾਦਕ*

ਮੈਨੂੰ ਅਖੰਡ ਕੀਰਤਨੀ ਜਥੇ ਦੀ ਇਹ ਧਾਰਨਾ ਕਾਫ਼ੀ ਹਦ ਤਕ ਤਰਕ-ਸੰਗਤ (Logical) ਲਗਦੀ ਹੈ ਕਿ ਪੰਜ ਕਕਾਰਾਂ ਵਿਚ ਪਹਿਲੇ ਕੇਸਕੀ ਜਾਂ ਦਸਤਾਰ ਸ਼ਾਮਲ ਸੀ। ਪਤਾ ਨਹੀਂ ਕਦ ਤੋਂ ਕੇਸਕੀ ਦੀ ਥਾਂ ਕੇਸ ਸ਼ਬਦ ਵਧੇਰੇ ਪ੍ਰਸਿਧ ਹੋ ਗਿਆ। ਕਾਰਨ ਇਹ ਹੈ ਕਿ ਜੋ ਪੰਜ ਕਕਾਰ ਖ਼ਾਲਸਾ ਸਜਣ ਲਈ ਜ਼ਰੂਰੀ ਕਰਾਰ ਦਿੱਤੇ ਗਏ, ਉਹ ਸਾਰੇ ਦੇ ਸਾਰੇ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਹਨ, ਜਿਵੇਂ ਕੇਸਕੀ, ਕੰਘਾ, ਕੜਾ, ਕਛਹਿਰਾ ਤੇ ਕਿਰਪਾਨ, ਪਰੰਤੂ ਕੇਸ ਤਾਂ ਪਹਿਲਾਂ ਹੀ ਸਰੀਰ ਦਾ ਕੁਦਰਤੀ ਅੰਗ ਹਨ। ਇਨ੍ਹਾਂ ਬਾਰੇ ਤਾਂ ਇਹੋ ਹਦਾਇਤ ਦੇਣੀ ਕਾਫ਼ੀ ਸੀ ਕਿ ਇਹਨਾਂ ਦੀ ਕਿਸੇ ਰੂਪ ਵਿਚ ਬੇਅਦਬੀ ਨਾ ਕੀਤੀ ਜਾਵੇ। ਇਸ ਬਾਰੇ ਸ੍ਰੀ ਦਸਮੇਸ਼ ਜੀ ਦੇ ਆਪਣੇ ਹੁਕਨਾਮਿਆਂ ਵਿਚ ਸਿੱਖਾਂ ਪ੍ਰਤੀ ਹਦਾਇਤ ਹੈਂ - 'ਭੱਦਣ ਨਹੀਂ ਕਰਨਾ।' ਅਤੇ ਇਹੋ ਹੁਕਮ ਚਾਰ ਕੁਰਹਿਤਾਂ ਦੱਸਣ ਸਮੇਂ ਪਹਿਲੇ ਨੰਬਰ ਤੇ ਰੱਖਿਆ ਗਿਆ ਹੈ। ਰਹਿਤਨਾਮੇ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਜਿਥੋਂ ਤਕ 'ਕੇਸਕੀ' ਜਾਂ ਦਸਤਾਰ ਨੂੰ ਸਿਖ ਲਈ ਲਾਜ਼ਮੀ ਕਰਨ ਦਾ ਸਵਾਲ ਸੀ, ਇਸ ਦਾ ਸਭਿਆਚਾਰਕ ਮਹੱਤਵ ਸੀ, ਭਾਰਤੀ ਕਲਚਰ ਦਾ ਇਹ ਮੁਖ ਪ੍ਰਤੀਕ ਸੀ, ਜਿਸ ਨੂੰ ਬਿਦੇਸ਼ੀ ਹਮਲਾਵਰਾਂ ਧਿੰਗੋਜ਼ੋਰੀ ਹਿੰਦੂਆਂ ਦੇ ਸਿਰੋਂ ਲਾਹ ਕੇ ਟੋਪੀ ਪਹਿਨਾਈ ਸੀ। ਮੁਸਲਿਮ ਤ੍ਵਾਰੀਖਾਂ ਤੋਂ

ਇਹ ਗੱਲ ਭਲੀ ਭਾਂਤ ਸਿਧ ਹੋ ਜਾਂਦੀ ਹੈ ਕਿ ਤੁਰਕਾਂ ਨੇ ਸਾਨੂੰ ਬੇਪਤ ਕਰਨ ਲਈ ਐਸਾ ਕੀਤਾ। ਦਸਤਾਰ ਨੂੰ ਅਰਬੀ ਤਹਿਜ਼ੀਬ ਵਿਚ ਵੀ ਬੜਾ ਮਾਣ ਪ੍ਰਾਪਤ ਹੈ, ਜਿਸ ਕਰਕੇ ਉਹ ਕਾਫ਼ਰਾਂ ਦੇ ਸਿਰ ਉਤੇ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਦੇ। ਇਹੋ ਕਾਰਨ ਹੈ ਕਿ ੭-੮ ਸਦੀਆਂ ਇਹ ਦਸਤਾਰਾਂ ਜਬਰਨ ਲਾਹੀਆਂ ਜਾਂਦੀਆਂ ਰਹੀਆਂ।

ਗੁਰੂ ਸਾਹਿਬ ਇਸ ਗੱਲ ਲਈ ਬੜੇ ਸਾਵਧਾਨ ਸਨ ਕਿ ਜਬਰਨ ਮਿਟਾਏ ਜਾ ਰਹੇ ਭਾਰਤੀ ਸਭਿਆਚਾਰ ਦੇ ਮਹੱਤਵ-ਪੂਰਨ ਅੰਗ ਦੀ ਪੁਨਰ-ਸਥਾਪਨਾ ਕਰਨੀ ਹੈ ਤਾਂ ਹੀ ਇਹ ਲੋਕ, ਸਵੈਮਾਨ ਤੇ ਪ੍ਰਤਿਸ਼ਠਾ ਦਾ ਜੀਵਨ ਬਸਰ ਕਰ ਸਕਦੇ ਹਨ।

'ਮੁਆਸਰਿ ਆਲਮਗੀਰੀ' ਵਿਚ ਲਿਖਿਆ ਹੈ ਕਿ ਔਰੰਗਜ਼ੇਬ ਨੇ ੧੬ ਫੱਗਣ, ੧੭੫੧ ਬਿ: ਵਿਚ ਇਕ ਸ਼ਾਹੀ ਫ਼ੁਰਮਾਨ ਜਾਰੀ ਕੀਤਾ ਕਿ ਰਾਜਪੂਤਾਂ ਤੋਂ ਸਿਵਾ ਕੋਈ ਹਿੰਦੂ ਵਧੀਆ ਘੋੜੇ ਦੀ ਸਵਾਰੀ ਨਾ ਕਰੇ ਤੇ ਨਾ ਹੀ ਹਥਿਆਰ ਧਾਰਨ ਕਰੇ। ਇਨ੍ਹਾਂ ਹੁਕਮਾਂ ਦਾ ਸਪੱਸ਼ਟ ਵਿਰੋਧ ਗੁਰੂ ਸਾਹਿਬ ਕਰ ਰਹੇ ਸਨ , ਜਿਨ੍ਹਾਂ ਆਪਣੇ ਸਿਖਾਂ ਨੂੰ ਬਾਰ ਬਾਰ ਇਹ ਲਿਖਿਆ ਕਿ ਜੇਕਰ ਗੁਰੂ ਲਈ ਕੋਈ ਭੇਟਾ ਲਿਆਉਣੀ ਹੋ ਤਾਂ ਉਹ ਵਧੀਆ ਘੋੜਾ ਲਿਆਵੇ ਜਾਂ ਫਿਰ ਵਧੀਆ ਸ਼ਸਤਰ ਲਿਆਵੇ । ਇਸੇ ਤਰ੍ਹਾਂ ਨਗਾਰਾ ਵਜਾਉਣਾ ਤੇ ਝੰਡਾ ਝੁਲਾਉਣਾ ਵੀ ਪ੍ਰਭੂ-ਸਤਾ ਦੇ ਚਿੰਨ੍ਹ ਸਨ , ਸੁਤੰਤਰਤਾ ਦੇ ਸੂਚਕ ਸਨ , ਜੋ ਗੁਰੂ ਸਾਹਿਬਾਨ ਨੇ ਸਿਖਾਂ ਵਿਚ ਉਚੇਚੇ ਰਾਇਜ (ਚਾਲੂ) ਕੀਤੇ ।

ਸੋ ਇਸ ਪੱਖ ਤੋਂ ਦੇਖਿਆਂ ਪਤਾ ਲਗਦਾ ਹੈ। ਕਿ ਗੁਰੂ ਸਾਹਿਬ ਨੇ ਸਿਖਾਂ ਲਈ ਕੇਸਕੀ ਨੂੰ ਖਾਲਸਾ ਰਹਿਤ ਦਾ ਅੰਗ ਬਣਾ ਕੇ ਲਾਜ਼ਮੀ ਕਰਾਰ ਦਿਤਾ । ਅਜ ਆਮ ਤੌਰ ਤੇ 'ਕੇਸਕੀ ' ਦਾ ਅਰਥ ਛੋਟੀ ਦਸਤਾਰ ਹੀ ਲਿਆ ਜਾਂਦਾ ਹੈ, ਪਰ ਸ਼ੈਦ ਐਸਾ ਪਹਿਲੇ ਨਹੀਂ ਸੀ। ਕੇਸਕੀ ਬਾਰੇ ਭੱਟ-ਵਹੀਆਂ ਵਿਚ ਸਵਾ ਲੱਖ ਟੂਕ ਮਿਲੀ ਹੈ, ਜੋ ਸ਼ਾਇਦ ਪ੍ਰੇਮੀਆਂ ਲਈ ਸਵਾ ਲੱਖ ਤੋਂ ਕਿਤੇ ਵਧ ਮੁੱਲ ਦੀ ਹੈ।

ਬੋਲੀ ਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਸ਼ਾਇਦ ਅਠਾਰ੍ਹਵੀਂ

ਸਦੀ ਦੇ ਅੰਤ ਦੀ ਲਿਖਤ ਹੈ, ਪਰ ਫਿਰ ਵੀ ਪੰਥ ਲਈ ਲਾਹੇਵੰਦੀ ਸਿੱਧ ਹੋਣ ਵਾਲੀ ਹੈ। ਇਹ ਟੂਕ ਇਸ ਪ੍ਰਕਾਰ ਹੈ :-

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ, ਬੂਟਾ ਗੁਰੂ ਤੇਗ ਬਹਾਦਰ ਜੀ ਕਾ , ਸਾਲ ਸਤ੍ਰਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿਖੋਂ ਕੋ ਖਾਂਡੇ ਕੀ ਪਾਹੁਲ ਦੀ। ਸਿੰਘ ਨਾਮ ਰਾਖਾ। ਪ੍ਰਿਥਮੇ ਦੇਆ ਰਾਮ ਸੋਪਤੀ ਖਤ੍ਰੀ ਬਾਸੀ ਲਾਹੌਰ ਖਲਾ ਹੂਆ। ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫਰਾ ਬਾਦ ਸ਼ਹਿਰ , ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ,ਹਿੰਮਤ ਚੰਦ ਝੀਵਰ ਬਾਸੀ ਜਗਨ ਨਾਥ- ਬਾਰੇ ਬਾਰੀ ਖਲੈ ਹੂਏ, ਸਭ ਕੋ ਨੀਲੰਬਰ ਪਹਿਨਾਇਆ, ਵਹੀ ਵੇਸ ਅਪਨ ਕੀਆ। ਹੁੱਕਾ, ਹਲਾਲ ਹਜਾਮਤ ਹਰਾਮ, ਟਿੱਕਾ, ਜੰਞੂ ਧੋਤੀ ਕਾ ਤਿਆਗ ਕਰਾਇਆ। ਮੀਣੇ, ਧੀਰਮੱਲੀਏ ਰਾਮਰਾਈਏ , ਸਿਰਗੁੰਮੇ ਮਸੰਦੋਂ ਕੀ ਵਰਤਣ ਬੰਦ ਕੀ ਕੰਘਾ, ਕਰਦ,ਕੇਸਗੀ,ਕੜਾ,ਕਛਹਿਰਾ ਸਭਕੋ ਦੀਆ ਸਭ ਕੇਸਾਧਾਰੀ ਕੀਏ। ਸਭ ਕਾ ਜਨਮ ਪਟਨਾ, ਬਾਸੀ ਅਨੰਦਪੁਰ ਬਤਾਈ। ਆਗੈ ਗੁਰੂ ਕੀ ਸਤਿਗੁਰੂ ਜਾਣੈ, ਗੁਰੂ ਗੁਰੂ ਜਪਣਾ। ਗੁਰੂ ਹਰ ਥਾਈਂ ਸਹਾਈ ਹੋਗੁ।*

-ਭੱਟ ਵਹੀ ਪਰਗਣਾ, ਥਾਨੇਸਰ

ਇਸ ਬਾਰੇ ਹੋਰ ਪ੍ਰਮਾਣ ਲੱਭਣ ਦੀ ਲੋੜ ਹੈ, ਤਾਂਕਿ ਅਸੀਂ ਸਿੱਖੀ ਰਹਿਤ ਦੇ ਸੰਬੰਧ ਵਿਚ ਕੇਸਕੀ ਦੇ ਪੂਰੇ ਮਹੱਤਵ ਨੂੰ ਪਛਾਣ ਸਕੀਏ। ਇਸ ਤੋਂ ਇਹ ਬਿਲਕੁਲ ਗਲਤ ਅਰਥ ਕੱਢਣ ਦੀ ਲੋੜ ਨਹੀਂ ਕਿ ਅਸੀਂ ਕੇ[illegible] ਦੀ ਥਾਂ ਕੇਸਕੀ ਨੂੰ ਦੇ ਰਹੇ ਹਾਂ। ਕੇਸ ਸਭ ਤੋਂ ਵਧ ਮਹੱਤਵ ਰਖਦੇ ਹਨ[illegible] ਕਿਉਂਕਿ ਕੇਸ ਹਨ ਤਾਂ ਸਿੱਖੀ ਹੈ। ਕੇਸਕੀ ਤਾਂ ਕੇਵਲ ਕੇਸਾਂ ਦੀ ਸੰਭਾਲ [illegible] ਲਈ ਹੈ, ਜਿਵੇਂ ਕਿ ਕੰਘਾ ਉਨ੍ਹਾਂ ਦੀ ਸਫ਼ਾਈ ਲਈ ਹੈ। ਸੋ ਲੋੜ ਹੈ ਇਸ ਸ[illegible]ਾਰੇ ਪ੍ਰਸੰਗ ਨੂੰ ਮੁਖ ਰਖ ਕੇ ਵਿਚਾਰਿਆ ਜਾਵੇ ਤੇ ਇਸ ਬਾਰੇ ਹੋਰ ਇਤਿਹਾਸਕ [illegible]ਵਾਲੇ ਇਕੱਤਰ ਕੀਤੇ ਜਾਣ।

'ਸੂਰਾ' ਫਰਵਰੀ ੧੯੮੨

# ਕੇਸਰਗੀ ਖ਼ਾਲਸਈ ਕਕਾਰ ਹੈ

(ਸ: ਗੁਰਮੁਖ ਸਿੰਘ ਜੀ ਪ੍ਰਿੰਸੀਪਲ ਗੁਰਮਤਿ ਕਾਲਜ ਪਟਿਆਲਾ)

ਵਿਦਵਾਨ ਖੋਜੀ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਪਿਛਲੇ ਲੇਖ ਵਿੱਚ ਕੇਸਗੀ ਬਾਰੇ ਭਟ-ਵਹੀ ਪਰਗਣਾ ਥਾਨੇਸਰ ਦੇ ਹਵਾਲੇ ਨਾਲ ਦਸਿਆ ਹੈ ਕਿ ਦਸਵੇਂ ਪਾਤਸ਼ਾਹ ਨੇ ਖ਼ਾਲਸਾ ਪੰਥ ਦੇ ਮੂਲ-ਪੰਚਾਂ ਨੂੰ ਜੋ ਕਕਾਰ ਧਾਰਨ ਕਰਨ ਦੀ ਤਾਕੀਦ ਕੀਤੀ ਉਹ 'ਕੰਘਾ', ਕਰਦ, ਕੇਸਗੀ, ਕੜਾ, ਕਛਹਿਰਾ' ਸਨ। "ਸਭ ਕੇਸਾ-ਧਾਰੀ ਕੀਏ" ਇਸ ਤੋਂ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ :-

ਪਹਿਲੀ ਤਾਂ ਇਹ ਕਿ ਕੇਸਾਂ ਨੂੰ ਕਕਾਰ ਕਰਕੇ ਨਹੀਂ ਸੀ ਮੰਨਿਆ ਗਿਆ ਬਲਕਿ ਇਹ ਤਾਂ ਹਰ ਇਕ ਗੁਰੂ ਕੇ ਸਿੰਘ ਲਈ ਲਾਜ਼ਮੀ ਕਰਾਰ ਦੇ ਦਿਤੇ ਗਏ। ਪ੍ਰੋ: ਪਿਆਰਾ ਸਿੰਘ ਜੀ ਠੀਕ ਹੀ ਲਿਖਦੇ ਹਨ ਕਿ ਪੰਜੇ ਕਕਾਰ ਧਾਰਨ ਕਰਨ ਲਈ ਬਾਹਰਲੇ ਹਨ। ਕੇਸ ਬਾਹਰੋਂ ਨਹੀਂ, ਕੇਸ ਸਰੀਰ ਦਾ ਅੰਗ ਹਨ। ਇਸ ਨੂੰ ਕਕਾਰ ਕਿਵੇਂ ਤੇ ਕਦੋਂ ਮੰਨਿਆ ਜਾਣ ਲਗ ਪਿਆ, ਖੋਜ ਦਾ ਮੁਥਾਜ ਹੈ। ਪਰ ਭਟ-ਵਹੀ ਦੀ ਗਵਾਹੀ ਦੇ ਸਨਮੁਖ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਸ ਵਿਸ਼ੇ ਤ ਭਰਪੂਰ ਖੋਜ ਕਰਾ ਲੈਣੀ ਸਿਖ ਸੰਗਤਾਂ ਲਈ ਲਾਭਦਾਇਕ ਸਿੱਧ ਹੋਏਗੀ।

ਦੂਜੀ ਗੱਲ ਇਹ ਹੈ ਕਿ ਕਿਸੇ ਕਕਾਰ ਦੇ ਸਰੀਰ ਨਾਲੋਂ ਵੱਖ ਹੋਣ ਨਾਲ ਰਹਿਤਨਾਮਿਆਂ ਅਨੁਸਾਰ ਤੇ ਸ਼ਰੋਮਣੀ ਕਮੇਟੀ ਵਲੋਂ ਛਪੇ ਰਹਿਤ ਮਰਯਾਦਾ ਸੰਬੰਧੀ ਖਰੜੇ ਅਨੁਸਾਰ ਸਿੰਘ ਤਨਖ਼ਾਹੀਆ ਤਾਂ ਹੁੰਦਾ ਹੈ, ਪਰ ਪਤਿਤ ਨਹੀਂ ਹੁੰਦਾ । ਪਰ ਕੇਸਾਂ ਨੂੰ ਕਕਾਰਾਂ ਵਿਚ ਸ਼ਾਮਲ ਕੀਤੇ ਜਾਣ ਦੇ ਬਾਵਜੂਦ ਭੀ ਸਰੀਰ ਤੋਂ ਕੇਸਾਂ ਦੇ ਵਖ ਹੋਣ ਨਾਲ ਸਿੰਘ ਤਨਖ਼ਾਹੀਆ ਤਾਂ ਨਹੀਂ, ਬਲਕਿ ਪਤਿਤ ਮੰਨਿਆ ਜਾਂਦਾ ਹੈ। ਅਜਿਹਾ ਆਦੇਸ਼ ਭਾਵੇਂ ਭਟ-ਵਹੀ ਦੀ ਸੇਧ ਵਿਚੋਂ ਬਿਲਕੁਲ ਠੀਕ ਜਾਪਦਾ ਹੈ, ਪਰ ਵਰਤਮਾਨ ਪ੍ਰਚਲਤ ਰਹਿਤ ਮਰਯਾਦਾ ਪਾਸ ਇਸ ਦਾ ਕੋਈ ਠੋਸ ਉਤਰ ਨਹੀਂ। ਚੰਗਾ ਹੋਵੇ ਜੇ ਸ਼ਰੋਮਣੀ ਕਮੇਟੀ ਉਚੇਚੇ ਉਦਮ ਕਰਕੇ ਇਸ ਬਾਰੇ ਪੂਰੀ ਛਾਣ ਬੀਣ ਕਰੇ।

ਸਾਡੇ ਸਾਹਮਣੇ ਅੰਗਰੇਜ਼ ਇਤਿਹਾਸਕਾਰ ਕਨਿੰਘਮ ਦੇ ਸਿਖ ਇਤਿਹਾਸ ਵਿਚੋਂ ਸੰਕੇਤ ਮਿਲਦਾ ਹੈ ਕਿ ਉਨੀਵੀਂ ਸ਼ਤਾਬਦੀ ਦੀਆਂ ਸਿੰਘਣੀਆਂ ਦੇ ਸੀਸ ਤੇ ਜੂੜੇ ਹੁੰਦੇ ਸਨ। ਫ਼ਿਰੰਗੀ ਇਤਿਹਾਸਕਾਰ ਨੂੰ

ਸ਼ਾਇਦ ਉਹਨ੍ਹਾਂ ਸਿੰਘਣੀਆਂ ਦੇ ਸੀਸ ਤੇ ਸਜੀਆਂ ਕੇਸਗੀਆਂ ਦਾ ਪਤਾ ਨਹੀਂ ਲੱਗ ਸਕਿਆਂ ਤੇ ਨਾ ਹੀ ਉਸ ਨੂੰ ਸਿੰਘਾਂ ਦੀ ਇਸ ਘੁੰਡੀ ਦਾ ਪਤਾ ਸੀ, ਜਿਸ ਤੋਂ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਪਰਦਾ ਚੁੱਕਿਆ ਹੈ।

ਭਟ-ਵਹੀ ਤੋਂ ਇਕ ਦੋ ਹੋਰ ਸਿੱਟੇ ਵੀ ਸਾਹਮਣੇ ਆਉਂਦੇ ਹਨ, ਕਿ ਦਸਮੇਸ਼ ਜੀ ਵਲੋਂ ਪੰਥ ਲਈ ਬਣਾਈ ਨਵੀਂ ਰਹਿਤ ਮਰਯਾਦਾ ਅਨੁਸਾਰ ਹਰ ਸਿੰਘ ਅਥਵਾ ਸਿੰਘਣੀ ਲਈ ਕੇਸਾਧਾਰੀ ਹੋਣਾ ਲਾਜ਼ਮੀ ਕਰ ਦਿੱਤਾ ਗਿਆ। ਗੁਰੂ ਘਰ ਵਿੱਚ ਇਸਤਰੀ ਜਾਤੀ ਨੂੰ ਧਾਰਮਿਕ ਖੇਤਰ ਵਿਚ ਪੁਰਸ਼ਾਂ ਦੇ ਬਰਾਬਰ ਅਧਿਕਾਰ ਦਿੱਤੇ ਗਏ ਹਨ, ਭਾਵੇਂ ਇਹ ਗੱਲ ਉਸ ਸਮੇਂ ਦੇ ਪ੍ਰਚਲਤ ਧਾਰਮਿਕ ਰਿਵਾਜਾਂ ਦੇ ਉਲਟ ਸੀ। ਹਿੰਦੂ ਇਸਤਰੀ ਵੇਦਾਂ ਸ਼ਾਸਤਰਾਂ ਦੇ ਅਧਿਐਨ ਤੋਂ ਵਰਜੀ ਹੋਈ ਸੀ ਤੇ ਅਜ ਤੱਕ ਵਰਜੀ ਹੋਈ ਹੈ। ਮੁਸਲਮਾਨ ਇਸਤਰੀ ਦੀ ਕੋਈ ਸੁੰਨਤ ਨਹੀਂ ਹੁੰਦੀ ਤੇ ਨਾ ਹੀ ਉਹ ਕਦੇ ਮਸੀਤ ਜਾਣ ਦੀ ਅਧਿਕਾਰੀ ਸਮਝੀ ਗਈ ਹੈ। ਜੇ ਉਸ ਨਾਲ ਬਹੁਤ ਮੇਹਰਬਾਨੀ ਕੀਤੀ ਹੈ ਤਾਂ ਉਸ ਦੀ ਤਰੱਕੀ ਕਰਕੇ ਜਨਤ ਦੀ ਹੂਰ ਬਣਾ ਦਿਤੀ ਗਈ ਹੈ, ਜਿਥੇ ਉਹ ਪੁੱਗੇ ਹੋਏ ਮੁਸਲਮਾਨ ਦੇ ਐਸ਼ ਆਰਾਮ ਦਾ ਸਾਧਨ ਬਣਨ ਵਿਚ ਮੁਕਤੀ ਮੰਨੇ।

ਪਰ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਤੋਂ ਹੀ "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਕਹਿ ਕੇ ਨਾ ਕੇਵਲ ਭਾਰਤੀ ਸਮਾਜ ਵਿਚ 'ਹਾਅ' ਦਾ ਨਾਅਰਾ ਮਾਰਿਆ, ਸਗੋਂ ਪ੍ਰਚਾਰ ਲਈ "ਮੰਜੀਆਂ" ਦੇ ਬਰਾਬਰ "ਪੀੜ੍ਹੀਆਂ" ਭੀ ਸਥਾਪਤ ਕੀਤੀਆਂ। ਅਜ ਭੀ ਭਾਈਆਂ ਦੇ ਸਤਿਸੰਗ ਦੇ ਨਾਲ ਨਾਲ ਬੀਬੀਆਂ ਦੇ ਸਤਿਸੰਗ ਕੋਈ ਘਟ ਮਹੱਤਤਾ ਤੇ ਰੌਣਕ ਵਾਲੇ ਨਹੀਂ ਹੁੰਦੇ।

ਅਜਿਹੇ ਉਤਮ ਗੁਰ ਇਤਿਹਾਸ ਦੇ ਸੰਦਰਭ ਵਿਚ ਇਹ ਕਦੀ ਸੋਚਿਆ ਭੀ ਨਹੀਂ ਜਾ ਸਕਦਾ ਕਿ ਸਿੰਘਾਂ ਲਈ ਅਮ੍ਰਿਤ ਪਾਨ ਕਰਨ ਦੀਆਂ ਸ਼ਰਤਾਂ ਹੋਰ ਤੇ ਸਿੰਘਣੀਆਂ ਲਈ ਹੋਰ । ਜੇ ਗੁਰੂ ਨੇ ਸਿੰਘ ਨੂੰ ਕੇਸਾਂ ਦੀ ਸੰਭਾਲ ਲਈ ਕੰਘਾ ਤੇ ਕੇਸਗੀ ਬਖ਼ਸ਼ਿਸ਼ ਕੀਤੀ ਤਾਂ ਅਜ ਸਿੰਘਣੀਆਂ ਦੇ ਸੀਸ ਤੋਂ ਜੂੜਾ, ਕੰਘਾ ਤੇ ਕੇਸਗੀ ਕਦੋਂ ਤੇ ਕਿਵੇਂ ਲਹਿ ਗਈ ? ਇਹ ਖੋਜ ਵਿਚਾਰ ਦਾ ਵਿਸ਼ਾ ਹੈ । ਜੇ ਗੁਰੂ ਕਾ ਸਿੰਘ ਨੰਗੇ ਕੇਸੀਂ ਘਰ ਤੋਂ ਬਾਹਰ ਬਾਜ਼ਾਰ ਆਦਿ ਜਾਂ ਦਫ਼ਤਰਾਂ ਵਿਚ ਜਾਂਦਾ ਸੋਭਦਾ ਨਹੀਂ ਤਾਂ ਸਿੰਘਣੀਆਂ ਨੂੰ ਨੰਗੇ ਸਿਰ ਘੁੰਮਣ ਫਿਰਨ ਦੀ ਕਿਸ ਨੇ ਆਗਿਆ ਦੇ ਦਿਤੀ ? ਇਸ ਉਤੇ ਖੋਜ ਹੋਣੀ ਚਾਹੀਦੀ ਹੈ।

ਦਰ-ਅਸਲ ਪੱਛਮੀ ਵਿਦਿਆ ਨੇ ਸਾਡੇ ਰਹਿਣ ਸਹਿਣ ਵਿਚ ਐਸ਼, ਫੈਸ਼ਨ ਤੇ ਚਸਕਿਆਂ ਦਾ ਅਜਿਹਾ ਜ਼ਹਰੀਲਾ ਇਨਜੈਕਸ਼ਨ ਲਾ ਦਿਤਾ ਹੋਇਆ ਹੈ ਕਿ ਅੱਜ ਸਾਡੀ ਤਕਣੀ ਬਦਲ ਗਈ ਹੈ। ਜੇ ਗੁਰੂ ਨੇ ਸਿੰਘ ਨੂੰ ਨਾਮ-ਰਸ ਮਾਨਣ ਲਈ ਸਾਜਿਆ ਹੈ ਤਾਂ ਕੀ ਸਿੰਘਣੀ ਨੂੰ ਨਾਮ-ਰਸ ਤੋਂ ਪਿਛੇ ਰਹਿਣਾ ਚਾਹੀਦਾ ਹੈ? ਅਫਸੋਸ ਤਾਂ ਇਸ ਗੱਲ ਦਾ ਹੈ ਕਿ ਪੰਥ ਅੰਦਰ ਦਿਨੋ ਦਿਨ ਨਾਮ-ਰਸੀਆਂ ਦੀ ਘਾਟ ਹੁੰਦੀ ਜਾ ਰਹੀ ਹੈ। ਸਿਖੀ ਰਹਿਤ-ਰਹਿਣੀ ਦਾ ਨਾਮ-ਰਸ ਨਾਲ ਗੂੜਾ ਸੰਬੰਧ ਹੈ। ਪੁਰਾਤਨ ਸਿੰਘਾਂ ਨੇ ਫੈਸ਼ਨਾਂ ਅਤੇ ਚਸਕਿਆਂ ਤੋਂ ਗੁਰੂ ਘਰ ਦੀਆਂ ਸਿੰਘਣੀਆਂ ਨੂੰ ਬਚਾਉਣ ਲਈ ਉਨ੍ਹਾਂ ਦੇ ਸੀਸ ਉਤੇ ਭੀ ਗੁਰੂ ਕੀ ਬਖ਼ਸ਼ੀ ਬਹਿਤ 'ਕੇਸਗੀ' ਸਜਾਈ ਰਖੀ ਅਤੇ ਆਪ ਭੀ ਰਹਿਤ ਬਹਿਤ ਵਿਚ ਪਰਪੱਕ ਰਹਿੰਦੇ ਹੋਏ, ਦਰਸ਼ਨੀ ਸਰੂਪ ਵਿਚ ਖੁਲ੍ਹੇ ਦਾੜ੍ਹਿਆਂ ਨਾਲ ਵਿਚਰਦੇ ਰਹੇ। ਪਰ ਵੀਹਵੀਂ ਸਦੀ ਦੇ ਸਿੰਘਾਂ ਨੇ ਫੌਜੀ ਫੈਸ਼ਨ ਦੀ ਨਕਲ ਕਰਦਿਆਂ ਆਪਣੀਆਂ ਦਾੜ੍ਹੀਆਂ ਨਰੜ ਲਈਆਂ ਅਤੇ ਬੀਬੀਆਂ ਦੇ ਸਿਰ ਨੰਗੇ ਕਰਵਾ ਦਿਤੇ। ਇਹ ਖੋਜ ਦੀ ਮੁਥਾਜ ਹੈ ਕਿ ਅਜਿਹਾ ਕਿਸ ਸਾਜ਼ਸ਼ ਦੇ ਅੰਤਰਗਤ ਹੋਇਆ। ਇਸ ਲਈ ਪਦਮ ਜੀ ਦੀ ਖੋਜ ਦੇ ਸਨਮੁਖ ਖਾਲਸਾ ਪੰਥ ਨੂੰ ਆਪਣੀ ਰਹਿਤ ਮਰਯਾਦਾ ਸੰਬੰਧੀ ਸੋਧ ਕਰਨ ਵਿਚ ਦੇਰੀ ਨਹੀਂ ਕਰਨੀ ਚਾਹੀਦੀ। ਸ੍ਰੀ ਅਕਾਲ ਤਖ਼ਤ ਤੇ ਅਜ ਤੋਂ ਕਰੀਬ ੫੦ ਸਾਲ ਪਹਿਲਾਂ ਕੇਸਗੀ ਦੀ ਰਹਿਤ ਸੰਯੁਕਤ ਅਮ੍ਰਿਤ ਪਾਨ ਕਾਰਉਣ ਦੀ ਮਰਜਾਦਾ ਸੀ । ਪਰ ਪਿਛੋਂ ਜਥੇਦਾਰ ਗਿ: ਗੁਰਮੁਖ ਸਿੰਘ ਮੁਸਾਫਰ ਦੇ ਸਮੇਂ 'ਕੇਸਗੀ' ਨੂੰ ਕਕਾਰ ਦੇ ਦਰਜੇ ਤੋਂ ਹਟਾਇਆ ਗਿਆ। ਇੰਜ ਕਿਸ ਅਧਿਕਾਰ ਹੇਠ ਕੀਤਾ ਗਿਆ ਤੇ ਕਿਨ੍ਹਾਂ ਤੱਥਾਂ ਨੂੰ ਮੁੱਖ ਰਖ ਕੇ ਕੀਤਾ ਗਿਆ, ਇਸ ਦੀ ਪੜਤਾਲ ਕਰ ਲੈਣੀ ਮੁਨਾਸਬ ਹੋਵੇਗੀ।

ਜਿਵੇਂ ਪ੍ਰੋ : ਪਿਆਰਾ ਸਿੰਘ ਪਦਮ ਨੇ ਆਪਣੇ ਲੇਖ ਵਿਚ 'ਮੁਆਸਿਰ ਆਲਮਗੀਰੀ' ਦੇ ਹਵਾਲੇ ਨਾਲ ਦਸਿਆ ਹੈ ਕਿ ਹਿੰਦੂਆਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਪਿੰਗੇਜ਼ੇਰੀ ਉਹਨ੍ਹਾਂ ਦੇ ਸਿਰਾਂ ਤੋਂ ਪੱਗਾਂ ਲਾਹ ਕੇ ਟੋਪੀ ਪਹਿਨਾਈ ਗਈ ਸੀ , ਹੋ ਸਕਦੈ, ਸਿੰਘਾਂ ਦੀ ਰਹਿਤ ਦੀ ਢਿੱਲ ਪਿਛੇ ਭੀ ਅੰਗਰੇਜ਼ਾਂ ਦੀ ਸਾਜ਼ਸ਼ ਹੋਵੇ, ੧੮੫੦ ਵਿਚ ਪੰਜਾਬ ਤੇ ਕਬਜ਼ਾ ਕਰਨ ਪਿਛੋਂ ਅੰਗਰੇਜ਼ਾਂ ਨੇ ਸਿਖਾਂ ਉਪਰ ਬਹੁਤ ਹੀ ਕਰੜੀ ਨਿਗਾਹ ਰੱਖੀ। ਚੇਲਿਆਂ ਵਾਲਾ ਦੀ ਅੰਤਮ ਸਿਖਾਂ ਦੀ ਲੜਾਈ ਤੋਂ ਬਾਅਦ ਸਿੰਘ ਨੂੰ ਸਜੇ ਹੋਏ ਦਰਬਾਰ ਵਿਚ ਅੰਗਰੇਜ਼ਾਂ ਅਗੇ ਆਪੇ ਆਪਣੀ ਸਿਰੀ

ਸਾਹਿਬ ਅਰਪਣ ਕਰਨੀ ਪਈ। ਉਸ ਤੋਂ ਪਿਛੋਂ ਅੰਗਰੇਜ਼ ਨੇ ਸਿਖ ਕੌਮ ਨੂੰ ਨਿਹੱਥੇ ਕਰ ਦਿਤਾ। ਕਿਰਪਾਨ ਪਹਿਨਣ ਤੇ ਪਾਬੰਦੀ ਲਗਾਈ ਗਈ। ਸਿਖ ਧਾਰਮਿਕ ਜੱਥੇਬੰਦੀਆਂ ਨੂੰ ਹਮੇਸ਼ਾਂ ਸ਼ੱਕ ਦੀ ਨਿਗਾਹ ਨਾਲ ਵੇਖਿਆ ਗਿਆ। ਨਾਮਧਾਰੀਆਂ ਨੇ ਕੇਵਲ ਬੁੱਚੜਾਂ ਨੂੰ ਮਾਰਨ ਦਾ ਹੀ ਅਪਰਾਧ ਕੀਤਾ ਸੀ, ਜਿਸ ਦੀ ਕਾਨੂੰਨੀ ਸਜ਼ਾ ਤੋਪਾਂ ਨਾਲ ਉਡਾਣਾ ਨਹੀਂ ਹੋ ਸਕਦੀ। ਉਹਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਕੁਝ ਨਹੀਂ ਸੀ ਕੀਤਾ। ਫਿਰ ਭੀ ੧੯੨੨ ਤਕ ਨਾਮਧਾਰੀਆਂ ਦੇ ਕੇਂਦਰ ਭੈਣੀ ਵਿਖੇ ਪੁਲਿਸ-ਚੌਕੀ ਬਿਠਾਈ ਰਖੀ ਗਈ। ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਅੰਗਰੇਜ਼ਾਂ ਨੇ ਪੰਥ-ਦੋਖੀਆਂ ਦਾ ਹਮੇਸ਼ਾਂ ਸਾਥ ਦਿਤਾ ਅਤੇ ਉਹਨਾਂ ਤੱਤ-ਖ਼ਾਲਸੇ ਨੂੰ ਹਰ ਤਰ੍ਹਾਂ ਕਮਜ਼ੋਰ ਕਰਨ ਦਾ ਯਤਨ ਕੀਤਾ। ਅਕਾਲੀ ਮੋਰਚਿਆਂ ਦਾ ਇਤਿਹਾਸ ਦਸਦਾ ਹੈ ਕਿ ਹੱਕ ਲਈ ਸੰਘਰਸ਼ ਕਰ ਰਹੇ ਸਿਖਾਂ ਉਤੇ ਕਿਤਨੇ ਅਤਿਆਚਾਰ ਢਾਏ ਗਏ। ਕੌਮ ਨੂੰ ਕਮਜ਼ੋਰ ਕਰਨ ਵਿਚ ਅੰਗਰੇਜ਼ਾਂ ਨੇ ਹਰ ਕਿਸਮ ਦੇ ਹੀਲੇ ਵਰਤੇ, ਉਹਨ੍ਹਾਂ ਨੂੰ ਡਰ ਸੀ ਕਿਤੇ ਇਹ ਮੁੜ ਕੇ ਖ਼ਾਲਸਈ ਜ਼ੋਰ ਫੜ ਕੇ ਸਿਖ ਰਾਜ ਕਾਇਮ ਨ ਕਰ ਲੈਣ। ਸਿੰਘ-ਸਭਾ ਲਹਿਰ ਜੋ ਸਿਖ ਪੰਥ ਵਿਚ ਪੁਨਰ ਜਾਗਰਤੀ ਦੀ ਮਹਾਨ ਲਹਿਰ ਸੀ, ਨੂੰ ਭੀ ਅੰਗਰੇਜ਼ ਅੱਛੀ ਨਜ਼ਰ ਨਾਲ ਨਹੀਂ ਸੀ ਵੇਖਦੇ। ਇਸੇ ਲਹਿਰ ਨੇ ਅਗੇ ਚਲ ਕੇ ਅਕਾਲੀ ਲਹਿਰ ਨੂੰ ਜਨਮ ਦਿਤਾ।

ਇਹ ਸਭ ਖੋਜ ਦੀ ਮੁਥਾਜ ਹੈ ਕਿ ਕਿਵੇਂ ਮਿਸਲਾਂ ਵਾਲੇ ਦਰਸ਼ਨੀ ਸੂਰਬੀਰ ਖ਼ਾਲਸੇ ਦੀ ਸ਼ਕਲ ਸੂਰਤ ਵਿਗੜਦੀ ਵਿਗੜਦੀ ਅਜੋਕੇ ਦਾੜ੍ਹੀ ਨਰੜੇ, ਸਿੰਘਾਂ ਵਾਲੀ ਹੋ ਗਈ ? ਕਿਵੇਂ ਸੂਰਬੀਰ ਸਿੰਘਣੀਆਂ ਦੀ ਜੂੜੇ ਕੇਸਰੀ ਸਜਾਈ ਜੱਥੇ-ਵਾਲੀ ਦਰਸ਼ਨੀ ਸੂਰਤ ਵਿਗੜਦੀ ਵਿਗੜਦੀ ਸਾੜ੍ਹੀ ਵਾਲੀ ਅੱਧ-ਨੰਗੀ ਤੇ ਸਿਰੋਂ ਨੰਗੀ ਸੂਰਤ ਬਣ ਗਈ। ਖ਼ਾਲਸੇ ਨੂੰ ਸਜਿਆਂ ਅਜੇ ੩੦੦ ਵਰ੍ਹੇ ਨਹੀਂ ਹੋਏ, ਤੇ ਉਸ ਦਾ ਸਰੂਪ ਇਸ ਥੋੜੇ ਜਿਹੇ ਸਮੇਂ ਵਿਚ ਹੋਰ ਦਾ ਹੋਰ ਕਿਵੇਂ ਹੋ ਗਿਆ ? ਪੰਜਾਬ ਦੇ ਪਿੰਡਾਂ ਵਲ ਝਾਤ ਮਾਰੋ, ਬਾਬਾ ਦੀਪ ਸਿੰਘ ਸਾਰਖੇ ਦਰਸ਼ਨੀ ਸੂਰਮੇ ਟੋਲਿਆਂ ਨਹੀਂ ਲਭਦੇ। ਕੀ ਮਾਝਾ ਤੇ ਕੀ ਮਾਲਵਾ, ਸ਼ਰਾਬ ਤੇ ਹੋਰ ਨਸ਼ਿਆਂ ਨੇ ਸਤਿਆਨਾਸ ਕਰ ਦਿਤਾ ਹੈ। ਪੌਤ੍ਰ ਸਿਖਾਂ ਵਿਚ ਸਿਖ ਰਹਿਤ ਮਰਯਾਦਾ ਦਾ ਮਖ਼ੌਲ ਉਡਾਇਆ ਜਾਂਦਾ ਹੈ। ਇਹ ਕੌਮ ਦੀ ਗਿਰਾਵਟ ਦੇ ਚਿੰਨ੍ਹ ਹਨ।

ਲੋੜ ਹੈ ਆਪਦੇ ਮਹਾਨ ਵਿਰਸੇ ਨੂੰ ਸਮਝਣ ਦੀ ਤੇ ਉਸ ਨੂੰ ਸੰਭਾਲ ਕੇ ਹਿੱਕ ਨਾਲ ਲਾਉਣ ਦੀ। ਸਚ-ਮੁਚ ਇਉਂ ਲਗਦਾ ਹੈ ਕਿ ਜਿਸ

ਚੀਜ਼ ਤੋਂ ਦਸਮੇਸ਼ ਪਿਤਾ ਜੀ ਨੇ ਸਾਵਧਾਨ ਕੀਤਾ ਸੀ, ਅਸੀਂ ਉਸ ਟੋਏ ਵਿਚ ਮੁੜ ਕੇ ਜਾ ਡਿਗੇ ਹਾਂ।

ਜਬ ਲਗ ਖਾਲਸਾ ਰਹੇ ਨਿਆਰਾ।।
ਤਬ ਲਗ ਤੇਜ ਦੀਓ ਮੈਂ ਸਾਰਾ।।
ਜਬ ਇਹ ਗਹੇ ਬਿਪਰਨ ਕੀ ਰੀਤ।।
ਮੈਂ ਨ ਕਰਉ ਇਨ ਕੀ ਪਰਤੀਤ।।

ਖ਼ਾਲਸੇ ਨੂੰ ਸ੍ਰੀ ਦਸਮੇਸ਼ ਪਿਤਾ ਨੇ ਨਿਆਰਾ ਰਹਿਣ ਲਈ ਕਰੜੀ ਹਿਦਾਇਤ ਕੀਤੀ ਹੈ। ਬਿਪਰਨ (ਬ੍ਰਾਹਮਣਾਂ) ਦੀ ਰੀਤ ਤੇ ਚਲਣਾ ਵਰਜਿਤ ਕੀਤਾ ਸੀ। ਹੁਣ ਵਕਤ ਹੈ ਆਪਣੇ ਵਿਰਸੇ ਨੂੰ ਪੜਚੋਲਣ ਦਾ। ਪ੍ਰੋ: ਪਿਆਰਾ ਸਿੰਘ ਪਦਮ ਨੇ ਬਿਗਲ ਵਜਾ ਦਿਤਾ ਹੈ। ਸਮੂਹ ਸਿੱਖ ਸੰਸਥਾਵਾਂ, ਜੱਥੇ, ਡੇਰੇਦਾਰ ਸੰਤ ਮਹਾਂਪੁਰਖ ਅਤੇ ਸ਼ਰੋਮਣੀ ਧਾਰਮਿਕ ਜਥੇਬੰਦੀਆਂ ਆਪਣੇ ਭੁਲੇ ਹੋਏ ਵਿਰਸੇ ਨੂੰ ਖੋਜਣ ਅਤੇ ਸਮੁਚੇ ਪੰਥ ਦੀ ਇਕੋ ਰਹਿਤ ਮਰਯਾਦਾ ਉਸਾਰਨ ਵਿਚ ਸਹਿਯੋਗ ਦੇਣ।

('ਸੂਰਾ' ਮਾਰਚ ੧੯੮੨)

## ਸਿੱਖੀ ਰਹਿਤ ਕੇਸਕੀ

ਦਸਮੇਸ਼ ਪਿਤਾ ਜੀ ਨੇ ਜੋ ਰਹਿਤ ਰਹਿਣੀ ਸਿੰਘਾਂ ਨੂੰ ਬਖ਼ਸ਼ੀ, ਸੋਈਓ ਸਿੰਘਣੀਆਂ ਨੂੰ। ਜੇ ਸਿੰਘਾਂ ਨੂੰ ਕੇਸਾਂ ਦੀ ਪਵਿੱਤਰਤਾ ਅਤੇ ਅਦਬ ਸਤਿਕਾਰ ਲਈ ਕੇਸਕੀ (ਛੋਟੀ ਦਸਤਾਰ) ਧਾਰਨ ਕਰਨੀ ਜ਼ਰੂਰੀ ਹੈ ਤਾਂ ਬੀਬੀਆਂ ਨੂੰ ਕੇਸ ਖੁੱਲ੍ਹੇ ਅਤੇ ਬੇਅਦਬ ਢੰਗ ਨਾਲ ਰੱਖਣ ਦੀ ਖੁੱਲ੍ਹ ਕਿਵੇਂ ਹੋ ਸਕਦੀ ਹੈ ? ਜੇ ਸਿੰਘਾਂ ਵਾਸਤੇ ਕੇਸਾਂ ਨੂੰ ਮਿੱਟੀ ਘੱਟੇ ਅਤੇ ਜੂਠ-ਮੂਠ ਤੋਂ ਬਚਾਉਣ ਲਈ ਕੇਸਕੀ ਰੱਖਣ ਦਾ ਹੁਕਮ ਹੈ ਤਾਂ ਬੀਬੀਆਂ ਦੇ ਕੇਸਾਂ ਵਿਚ ਉੱਡ-ਉੱਡ ਕੇ ਘੱਟਾ ਮਿੱਟੀ ਕਿਉਂ ਪੈਂਦਾ ਰਹੇ ? ਜੇ ਸਿੰਘ ਦਸਤਾਰ ਧਾਰਨ ਕਰਨ ਦੀ ਵਿਲੱਖਣ ਰਹਿਤ ਰਹਿਣੀ ਸਦਕਾ ਹਜ਼ਾਰਾਂ ਵਿਚੋਂ ਇਕੱਲਾ ਦੂਰੋਂ ਨਜ਼ਰ ਆ ਸਕਦਾ ਹੈ ਤਾਂ ਅੰਮ੍ਰਿਤਦਾਤਾ ਜੀ ਸਿੰਘਣੀ ਨੂੰ ਇਸ ਵਿਲੱਖਣ ਪਹਿਚਾਣ ਤੋਂ ਵਿਰਵੀ ਕਿਵੇਂ ਰੱਖ ਸਕਦੇ ਹਨ ਜੋ ਲੱਭਿਆਂ ਲੱਭ ਹੀ ਨਾ ਸਕੇ ? ਜੇ ਦਸਮੇਸ਼ ਪਿਤਾ ਨੇ ਸਿੰਘਾਂ ਨੂੰ ਨਿਆਰਾਪਣ ਬਖ਼ਸ਼ਿਆ ਹੈ ਤਾਂ ਸਿੰਘਣੀ ਨੂੰ ਵੀ ਨਿਆਰੇਪਣ ਦੀ ਦਾਤ ਜ਼ਰੂਰ ਬਖ਼ਸ਼ੀ ਹੈ। ਦਾਤਾਰ ਪਿਤਾ ਜੀ ਦੀਆਂ ਨਜ਼ਰਾਂ ਵਿਚ ਵਿਤਕਰਾ ਨਹੀਂ ਹੋ ਸਕਦਾ। ਗੁਰੂ ਪਾਤਸ਼ਾਹ ਨੇ ਬੀਬੀ ਨੂੰ "ਅਰਧ ਸਰੀਰੀ ਨਾਰਿ" ਦਾ ਦਰਜਾ ਦੇ ਸਿੰਘ ਸਮਾਨ ਹੀ ਪੂਰੀ ਰਹਿਤ ਰਹਿਣੀ ਬਖ਼ਸ਼ੀ ਹੈ, ਸੋ ਇਹ ਕੇਸਕੀ ਦੀ ਰਹਿਤ ਸਿੰਘਾਂ ਵਾਂਗ ਹੀ ਬੀਬੀਆਂ ਲਈ ਵੀ ਜ਼ਰੂਰੀ ਹੈ।

# ਕੀ ਸਿੰਘ ਬੀਬੀਆਂ ਲਈ ਕੇਸਕੀ ਜ਼ਰੂਰੀ ਹੈ

( ਸ: ਗੁਰਬਚਨ ਸਿੰਘ ਜੀ, ਲੁਧਿਆਣਾ)

ਕੇਸਕੀ ਛੋਟੀ ਦਸਤਾਰ ਨੂੰ ਆਖਦੇ ਹਨ, ਜੋ ਸਿੰਘ ਬੀਬੀਆਂ ਦਸਮ ਦੁਆਰ ਤੇ ਕੇਸਾਂ ਨੂੰ ਇੱਕਠਾ ਕਰ ਕੇ (ਭਾਵ ਜੂੜਾ ਕਰ ਕੇ) ਉਨ੍ਹਾਂ ਦੀ ਸੰਭਾਲ ਲਈ ਸੀਸ ਤੇ ਸਜਾਉਂਦੀਆਂ ਹਨ ਅਤੇ ਫਿਰ ਉਪਰ ਦੁਪੱਟਾ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸਿੰਘ ਪਹਿਲਾਂ ਛੋਟੀ ਦਸਤਾਰ ਸਜਾ ਕੇ, ਫਿਰ ਉੱਪਰ ਵੱਡੀ ਦਸਤਾਰ ਸਜਾਉਂਦੇ ਹਨ, ਜਿਸ ਨੂੰ ਅਸੀਂ ਦੋਹਰੀ ਦਸਤਾਰ ਸਜਾਉਣਾ ਵੀ ਆਖਦੇ ਹਾਂ। ਸ਼੍ਰੋਮਣੀ ਕਮੇਟੀ ਵਲੋਂ ਛਾਪੀ ਗਈ ਪੁਸਤਿਕਾ 'ਸਿੱਖ ਰਹਿਤ ਮਰਯਾਦਾ' ਦੇ ਪੰਨਾ ੨੪ ਉਪਰ ਦੱਸਿਆ ਗਿਆ ਹੈ ਕਿ' ਸਿੱਖ ਇਸਤ੍ਰੀ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ'। ਕਈ ਸੰਸਥਾਵਾਂ ਤਾਂ ਕੇਸਕੀ ਨੂੰ ਕਕਾਰਾਂ ਵਿਚ ਸ਼ਾਮਲ ਕਰਕੇ ਸਿੰਘ ਬੀਬੀਆਂ ਲਈ ਇਸ ਦਾ ਸਜਾਉਣਾ ਆਵੱਸ਼ਕ ਸਮਝੀਆਂ ਹਨ, ਪਰ ਮੈਂ ਇਸ ਵਾਦ-ਵਿਵਾਦ ਵਿਚ ਨਾ ਪੈਂਦਾ ਹੋਇਆ ਕੇਵਲ ਇਹ ਵਿਚਾਰ ਕਰਨਾ ਚਾਹੁੰਦਾ ਹਾਂ ਕਿ ਜੇ ਸਿੰਘ ਬੀਬੀਆਂ ਲਈ ਦਸਤਾਰ ਸਜਾਉਣ ਜਾਂ ਨਾ ਸਜਾਉਣਾ ਦੋਵੇਂ ਠੀਕ ਹਨ, ਤਾਂ ਫਿਰ ਇਨ੍ਹਾਂ ਦੋਹਾਂ ਵਿਚੋਂ ਸਿੱਖ ਆਸ਼ੇ ਅਨੁਸਾਰ ਲਾਹੇਵੰਦ ਕੀ ਹੈ? ਦੋਹਾਂ ਅਵਸਥਾਵਾਂ ਬਾਰੇ ਵਿਚਾਰ ਕਰਨ ਉਪਰੰਤ ਜੋ ਲਾਹੇਵੰਦ ਪ੍ਰਤੀਤ ਹੋਵੇ, ਉਸ ਨੂੰ ਅਪਨਾਉਣਾ ਗੁਰਸਿੱਖੀ ਦੇ ਵਧੇਰੇ ਨੇੜੇ ਹੋਵੇਗਾ।

**ਇਤਿਹਾਸਕ ਪੱਖ ਤੋਂ-**

ਸਭ ਤੋਂ ਪਹਿਲਾਂ ਅਸੀਂ ਕੇਸਕੀ ਬਾਰੇ ਇਤਿਹਾਸਕ ਪਹਿਲੂ ਤੋਂ ਵਿਚਾਰ ਕਰਨ ਦਾ ਯਤਨ ਕਰਾਂਗੇ। ਕੀ ਕੇਸਕੀ ਦਾ ਸਜਾਉਣਾ ਪੁਰਾਤਨ ਸਮੇਂ ਤੋਂ ਚਲਿਆ ਆਉਂਦਾ ਹੈ ਜਾਂ ਵਰਤਮਾਨ ਸਮੇਂ ਵਿਚ ਹੀ ਵੇਖਣ ਵਿਚ ਆਇਆ ਹੈ?

(੧) ਜੇ ਇਤਿਹਾਸ ਦੇ ਪੱਤਰਿਆਂ ਤੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਕੇਸਕੀ ਸਜਾਉਣ ਦੀ ਪਰੰਪਰਾ ਬੜੀ ਪੁਰਾਣੀ ਹੈ। ਇਸ ਸੰਬੰਧ ਵਿਚ ਸਭ ਤੋਂ ਪੁਰਾਣੀ ਗਵਾਹੀ ਰਹਿਤਨਾਮਾ ਭਾਈ ਚੌਪਾ ਸਿੰਘ ਜੀ ਵਿਚੋਂ ਮਿਲਦੀ ਹੈ। ਆਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਿੰਘ ਸਨ। ਅਤੇ ਆਪ ਲਿਖਦੇ ਹਨ:-

ਕੱਛ, ਕੜਾ, ਕ੍ਰਿਪਾਨ, ਕੰਘਾ, ਕੇਸਕੀ।

ਇਹ ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।

ਇਸ ਤੋਂ ਪਤਾ ਲਗਦਾ ਹੈ ਕਿ ਕੇਸਕੀ ਦਾ ਸਜਾਉਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਤੋਂ ਹੀ ਪ੍ਰਚਲਿਤ ਹੈ।

(੨) ਇਸ ਤੋਂ ਛੁਟ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਾਤਾ ਭਾਗ ਕੌਰ ਜੀ ( ਪ੍ਰਚਲਤ ਨਾਮ ਮਾਈ ਭਾਗੋ ਜੀ ) ਬਿਹੰਗਮ ਅਵਸਥਾ ਵਿਚ ਵਿਚਰਦੇ ਸਨ। ਉਹਨ੍ਹਾਂ ਦੀ ਲਿਵ ਸਦਾ ਹੀ ਅਕਾਲ ਪੁਰਖ ਦੇ ਚਰਨਾਂ ਵਿਜ ਜੁੜੀ ਰਹਿੰਦੀ ਸੀ ਅਤੇ ਉਹ ਆਪਣੇ ਸਰੀਰ ਦੀ ਸਾਂਭ-ਸੰਭਾਈ ਤੋਂ ਨਿਆਰੇ ਸਨ। ਇਸ ਬਾਰੇ ਸਾਹਿਬਾਂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ) ਪਾਸ ਇਤਰਾਜ਼ ਪੁੱਜਾ ਤਾਂ ਉਹਨ੍ਹਾਂ ਮਾਤਾ ਭਾਗ ਕੌਰ ਜੀ ਨੂੰ ਬੁਲਾ ਕੇ ਜੋ ਸਿਖਿਆ ਦਿਤੀ, ਉਸ ਦਾ ਵਰਨਣ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਗ੍ਰੰਥ ' ਗੁਰ ਪ੍ਰਤਾਪ ਸੂਰਜ' ਵਿਚ ਪ੍ਰਕਾਰ ਕੀਤਾ ਹੈ :

ਗੁਰਵੀ ਸਾਂਗ ਹਾਥ ਮਹਿ ਧਰੈ , ਸਦਾ ਅਨੰਦ ਏਕ ਰਸ ਫਿਰੈ।
ਕੌਤਕ ਮਾਸ ਨਗਨ ਜਬ ਰਹੀ, ਇਕ ਦਿਨ ਦੇਖ ਨਿਕਟ ਗੁਰ ਕਹੀ।
ਸੁਨ ਮਾਈ ਭਾਗ ਕੌਰ ਸਚਿਆਰੀ, ਕੁਲ ਨੈਹਰਿ ਸਸੁਰਾਰਿ ਉਬਾਰੀ।
ਪਰਮ ਹੰਸ ਅਵਸਥਾ ਪਾਈ, ਤੁਝ ਤੇ ਦੋਸ਼ ਨਾ ਲਾਗੈ ਕਦਾਈਂ।
ਰਹਿਨ ਦਿਗੰਬਰ ਤੁਝ ਬਨਿਆਈ, ਇਕ-ਰਸ ਬਿਰਤੀ ਭਈ ਲਿਵਲਾਈ।
ਤਨ-ਹੰਤਾ ਸਭ ਰਿਦੈ ਬਿਨਾਸੀ , ਪਾਇਉ ਪਰਮ ਰੂਪ ਅਬਿਨਾਸੀ ।
ਤਊ ਸੰਗ ਤੂ ਰਹਿਤ ਹਮਾਰੇ, ਪਹਿਰਿ ਕਾਛ, *ਲਘੁ ਸਿਰ ਦਸਤਾਰੇ।*

ਸਾਹਿਬਾਂ ਨੇ ਮਾਈ ਭਾਗ ਕੌਰ ਨੂੰ ਦਸਤਾਰ ਸਜਾਉਣ ਦਾ ਹੁਕਮ ਦੇ ਕੇ ਸਾਵਧਾਨ ਕੀਤਾ । ਇਸ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਕਛਹਿਰਾ ਤੇ ਦਸਤਾਰ ਸਿੰਘਾਂ ਅਤੇ ਸਿੰਘਣੀਆਂ, ਦੋਹਾਂ ਦੇ ਪਹਿਰਾਵੇ ਦੇ ਜ਼ਰੂਰੀ ਅੰਗ ਹਨ।

(੩) ਅੰਗਰੇਜ਼ ਦੇ ਰਾਜ ਸਮੇਂ ਪ੍ਰਸਿੱਧ ਇਤਿਹਾਸਕਾਰ ਕਨਿੰਘਮ ਹੋਇਆ ਹੈ ਇਸ ਨੇ ਬੜੀ ਖੋਜ ਉਪਰੰਤ ਪ੍ਰਮਾਣੀਕ ਸਿੱਖ ਇਤਿਹਾਸ ਲਿਖਿਆ ਹੈ। ਉਹ ਸਿਖ ਇਸਤ੍ਰੀਆਂ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ ਕਿ:-

"The Sikh women are distinguished from Hindus of their sex by some variety of dress, but chiefly by highter top knot of hair."

ਭਾਵ : ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿਚ ਖ਼ਾਸ ਵਿਲੱਖਣਤਾ ਰੱਖਦੀਆਂ ਹਨ, ਜੋ ਕਿ ਉਹਨਾਂ ਦੇ ਸਿਰ ਉੱਤੇ (ਦਸਮ ਦੁਆਰ ਉੱਤੇ) ਕੇਸਾਂ ਦੇ ਜੂੜੇ ਤੋਂ ਸਪੱਸ਼ਟ ਤੌਰ ਤੇ ਪ੍ਰਗਟ ਹੁੰਦੀ ਹੈ।

ਇਸ ਤੋਂ ਸਪੱਸ਼ਟ ਹੈ ਕਿ ਸਿੰਘਣੀਆਂ ਪੁਰਾਤਨ ਸਮੇਂ ਵਿਚ ਦਸਮ ਦੁਆਰ ਤੇ ਜੂੜਾ ਕਰਦੀਆਂ ਸਨ ਤੇ ਉਹਨਾਂ ਦੀ ਸਾਂਭ ਸੰਭਾਲ ਲਈ ਕੇਸਕੀ ਦੀ ਵਰਤੋਂ ਹੋਣੀ ਵੀ ਜ਼ਰੂਰੀ ਸੀ।

(੪) ਇਹ ਇਕ ਇਤਿਹਾਸਕ ਸੱਚਾਈ ਹੈ ਕਿ ਮੁਗ਼ਲ ਰਾਜ ਸਮੇਂ ਜਦੋਂ ਸਿੰਘਾਂ ਉੱਤੇ ਓੜਕ ਦੇ ਅਤਿਆਚਾਰ ਹੋ ਰਹੇ ਸਨ ਤਾਂ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਲਈ ਸੂਬਾ ਲਾਹੌਰ ਨੇ ਹੁਕਮ ਕੀਤਿਆ ਸੀ ਕਿ ਜੋ ਮਨੁੱਖ ਕਿਸੇ ਸਿੰਘ ਦਾ ਕੱਟਿਆ ਹੋਇਆ ਸਿਰ ਪੇਸ਼ ਕਰੇਗਾ, ਉਸ ਨੂੰ ੮੦ ਰੁਪਏ ਇਨਾਮ ਦਿੱਤਾ ਜਾਵੇਗਾ। ਇਤਿਹਾਸ ਦੱਸਦਾ ਹੈ ਕਿ ਉਸ ਸਮੇਂ ਸਿੰਘਾਂ ਦਾ ਵਾਸਾ ਤਾਂ ਜੰਗਲਾਂ ਜਾਂ ਪਹਾੜਾਂ ਵਿਚ ਸੀ, ਇਸ ਲਈ ਸਿੰਘਾਂ ਦੇ ਸਿਰ ਨਾ ਮਿਲਣ ਤੇ ਲਾਲਚੀਆਂ ਨੇ ਸਿੰਘਣੀਆਂ ਦੇ ਸਿਰ ਕੱਟ ਕੇ ਅਤੇ ਦਾੜ੍ਹੀ ਮੁੱਛ ਨਾ ਹੋਣ ਕਰਕੇ ਦਰਬਾਰ ਵਿਚ ਇਹ ਕਹਿ ਕੇ ਪੇਸ਼ ਕੀਤੇ ਕਿ ਇਹ ਨੌਜਵਾਨ ਸਿੰਘ ਬੱਚਿਆਂ ਦੇ ਸਿਰ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਇਨਾਮ ਦੀ ਰਕਮ ਪ੍ਰਾਪਤ ਕਰਨ ਵਿਚ ਸਫਲਤਾ ਪ੍ਰਾਪਤ ਹੋਈ।

ਇਸ ਘਟਨਾ ਤੋਂ ਨਿਰਸੰਦੇਹ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਸਿੰਘਣੀਆਂ ਦਸਮ ਦੁਆਰ ਉਤੇ ਜੂੜਾ ਕਰਦੀਆਂ ਅਤੇ ਦਸਤਾਰ ਸਜਾਉਂਦੀਆਂ ਸਨ, ਤਾਂ ਹੀ ਉਨਾਂ ਦੇ ਸਿਰ ਸਿੰਘਾਂ ਦੇ ਸਿਰਾਂ ਦੀ ਥਾਂ ਪੇਸ਼ ਕੀਤੇ ਜਾ ਸਕਦੇ ਸਨ। ਹੋ ਸਕਦਾ ਹੈ ਉਸ ਸਮੇਂ ਜਾਂ ਉਸ ਤੋਂ ਪਿੱਛੋਂ ਹੀ ਡਰਪੋਕ ਇਸਤ੍ਰੀਆਂ ਨੇ ਦਸਤਾਰ ਸਜਾਉਣੀ ਛੱਡ ਦਿੱਤੀ ਹੋਵੇ ਅਤੇ ਇਹ ਪਰੰਪਰਾ ਘਟਦੀ ਘਟਦੀ ਮੂਲੋਂ ਹੀ ਬੰਦ ਹੋ ਗਈ ਹੋਵੇ।

(੫) ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ ਵਿੱਚ ਅਤੇ ਵਿਕਟੋਰੀਆ ਅਜਾਇਬ ਘਰ ਕਲਕੱਤੇ ਵਿੱਚ ਬਹਾਦਰ ਸਿੰਘਣੀਆਂ ਦੀਆਂ ਕੁਰਬਾਨੀਆਂ ਦੇ ਪੁਰਾਣੇ ਚਿਤਰਾਂ ਵਿਚ ਸਿੰਘਾਂ ਵਾਂਗ ਸਿੰਘਣੀਆਂ ਨੂੰ ਵੀ ਕੇਸਕੀ ਸਹਿਤ ਦਰਸਾਇਆ ਗਿਆ ਹੈ। ਇਥੋਂ ਵੀ ਪਤਾ ਲੱਗਦਾ ਹੈ ਕਿ ਕੇਸਕੀ ਪੁਰਾਣੇ ਸਮੇਂ ਤੋਂ ਹੀ ਸੁਸ਼ੋਭਤ ਚਲੀ ਆ ਰਹੀ ਹੈ।

(੬) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ ੧੯੧੪-੧੮ ਦੀ ਪਹਿਲੀ ਵੱਡੀ ਜੰਗ ਤੋਂ ਪਹਿਲਾਂ ਅੰਮ੍ਰਿਤਧਾਰੀ ਸਿੰਘਣੀਆਂ ਭਾਰੀ ਗਿਣਤੀ ਵਿਚ ਕੇਸਕੀ ਸੁਸ਼ੋਭਤ ਸਨ ਅਤੇ ਧਾਰਮਿਕ ਦੀਵਾਨਾਂ ਵਿੱਚ

ਸਿੰਘਾਂ ਵਿਚ ਸਿੰਘਣੀਆਂ ਵੀ ਕੇਸਕੀ ਸਹਿਤ ਦੂਰੋਂ ਹੀ ਨਿਰਾਲਾ ਸਿੰਘਤਵ ਪ੍ਰਗਟਾਉਂਦੀਆਂ ਵੇਖਣ ਵਿਚ ਆਉਦੀਆਂ ਸਨ।

(੭) ਫੀਰੋਜ਼ਪੁਰ, ਕੈਰੋਂ, ਜਸਪਾਲੋਂ ਤੇਂ ਸਿੱਧਵਾਂ ਦੇ ਪੁਰਾਤਨ ਸਿੱਖ ਕੰਨਿਆ ਵਿਦਿਆਲਿਆਂ ਵਿੱਚ ਪਹਿਲੋਂ ਪਹਿਲ ਕੇਸਕੀ, ਵਿਦਿਆਰਥਣਾਂ ਦੀ ਨਿਯਤ ਪੁਸ਼ਾਕ ਦਾ ਇੱਕ ਜ਼ਰੂਰੀ-ਅੰਗ ਹੋਇਆ ਕਰਦੀ ਸੀ। ਚੀਫ਼ ਖ਼ਾਲਸਾ ਦੀਵਾਨ ਦੀਆਂ ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਵਿਚ ਇਨ੍ਹਾਂ ਸਕੂਲਾਂ ਦੀਆਂ ਬੀਬੀਆਂ ਕੇਸਕੀ ਸਹਿਤ ਆਮ ਵੇਖਣ ਵਿਚ ਆਉਂਦੀਆਂ ਸਨ।

(੮) ਅਕਾਲੀ ਲਹਿਰ ਦੇ ਦੌਰਾਨ ਦੇ ਦੌਰਾਨ ਵੀ ਕੇਸਕੀ-ਸੁਸ਼ੋਭਤ ਸਿੰਘਣੀਆਂ ਮੋਰਚੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੀਆਂ ਰਹੀਆਂ ਹਨ। ਜਿਨ੍ਹਾਂ ਬਜ਼ੁਰਗਾਂ ਨੇ ਉਸ ਲਹਿਰ ਵਿਚ ਭਾਗ ਲਿਆ, ਉਹ ਇਸ ਗੱਲ ਦੀ ਸਾਖੀ ਭਰਦੇ ਹਨ।

(੯) ਪੰਥ ਪ੍ਰਸਿੱਧ ਵਿਦਵਾਨ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟਕਸਾਲੀ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਬਚਨ ਸਿੰਘ ਜੀ 'ਖ਼ਾਲਸਾ' ਭਿੰਡਰਾਂ ਨਿਵਾਸੀ ਦੇ ਨਿਜ ਗ੍ਰਹਿ ਵਿਚ ਸਭ ਸਿੰਘਣੀਆਂ ਕੇਸਕੀ ਸੁਸ਼ੋਭਤ ਨਿਰਾਲਾਪਨ ਪੇਸ਼ ਕਰਦੇ ਰਹੇ ਹਨ।

(੧੦)ਭਾਈ ਸਾਹਿਬ (ਸੰਤ) ਤੇਜਾ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਜੱਥੇ ਵਿਚ ਸਿੰਘਾਂ ਵਾਂਗੂੰ ਸਿੰਘਣੀਆਂ ਵੀ ਛੋਟੀ ਦਸਤਾਰ ਸਹਿਤ ਧਾਰਮਕ ਦੀਵਾਨਾਂ ਵਿਚ ਕੀਰਤਨ ਕਰਦੀਆਂ ਦਿਖਾਈ ਦੇਂਦੀਆਂ ਹਨ।

(੧੧) ਪੰਚ ਖ਼ਾਲਸਾ ਦੀਵਾਨ, ਭਸੌੜ ਨੇ ਮਾਲਵੇ ਦੇ ਇਲਾਕੇ ਵਿੱਚ ਤੇ ਸੈਂਟਰਲ ਮਾਝਾ ਦੀਵਾਨ ਤੇ ਮਾਝੇ ਦੀਵਾਨ ਤੇ ਮਾਝੇ ਵਿੱਚ ਕੇਸਕੀ ਦੀ ਮਹੱਤਤਾ ਇੰਨੀ ਦ੍ਰਿੜ੍ਹਾਈ ਸੀ ਕਿ ਕਈ ਸਿੰਘਣੀਆਂ ਸਿਰਫ਼ ਕੇਸਕੀ ਹੀ ਸਜਾਉਂਦੀਆਂ ਸਨ। ਉਨ੍ਹਾਂ ਨੇ ਦੁਪੱਟੇ ਨੂੰ ਵੀ ਵਾਧੂ ਜਾਣ ਕੇ ਤਿਆਗ ਦਿਤਾ ਸੀ।

(੧੨) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸਬੰਧਤ ਅਖੰਡ ਕੀਰਤਨੀ ਜੱਥੇ ਹੁਣ ਵੀ ਕੇਸਕੀ ਰਹਿਤ ਨੂੰ ਪਰਪੱਕਤਾ ਨਾਲ ਨਿਭਾ ਰਹੇ ਹਨ।

(੧੩) ਇਸੇ ਸਦੀ ਵਿਚ ਸਜਣ ਵਾਲੇ ਅਮਰੀਕਾ ਨਿਵਾਸੀ ਮਰਦ ਇਸਤ੍ਰੀਆਂ ਸਭ ਕੇਸਕੀ ਸਜਾਉਂਦੇ ਅਤੇ ਕੇਸਕੀ ਦੇ ਉੱਪਰ ਖੰਡਾ ਵੀ ਸੁਸ਼ੋਭਤ ਕਰਦੇ ਹਨ, ਜੋ ਉਨ੍ਹਾਂ ਨੂੰ ਨਿਰਾਲਾ ਵੀਰ-ਰਸੀ ਰੂਪ ਪ੍ਰਦਾਨ ਕਰਦਾ ਹੈ।

ਸੋ ਇਨ੍ਹਾਂ ਕੁੱਝ ਕੁ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਕੇਸਕੀ ਦੀ ਵਰਤੋਂ ਅੱਜ ਦੇ ਸਮੇਂ ਵਿਚ ਆਰੰਭ ਨਹੀਂ ਹੋਈ, ਸਗੋਂ ਬੜੀ ਪੁਰਾਤਨ ਹੈ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚਲਤ ਹੈ। ਇਸ ਨੂੰ ਕੁਝ ਸਿੰਘਾਂ ਜਾਂ ਕਿਸੇ ਜੱਥੇਬੰਦੀ ਦੀ ਕਾਢ ਮੰਨਣਾ ਉਚਿਤ ਨਹੀਂ।

## ਕੇਸਕੀ ਦੀ ਅਵੱਸ਼ਕਤਾ ਕਿਉਂ?

ਹੁਣ ਅਸੀਂ ਵੇਖਣਾ ਹੈ ਕਿ ਕੇਸਕੀ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਸਜਾਉਣੀ ਕਿਉਂ ਜ਼ਰੂਰੀ ਹੈ ਇਸ ਦੇ ਕੀ ਲਾਭ ਹਨ?

ਇਸ ਸੰਬੰਧ ਵਿਚ ਕਦਾਚਿਤ ਦੋ ਵਿਚਾਰ ਨਹੀਂ ਪਾਏ ਜਾਂਦੇ ਕਿ ਸਿੰਘ ਜਾਂ ਸਿੰਘਣੀ ਨੂੰ ਸਿਰੋਂ ਨੰਗੇ ਨਹੀਂ ਰਹਿਣਾ ਚਾਹੀਦਾ ਸਿਰੋਂ ਨੰਗੇ ਰਹਿਣ ਨਾਲ ਕੇਸਾਂ ਦੀ ਜੋ ਗੁਰੂ ਦੀ ਮੋਹਰ ਹਨ, ਬੇਅਦਬੀ ਹੁੰਦੀ ਹੈ। ਤੁਸੀਂ ਆਪ ਹੀ ਅੰਦਾਜ਼ਾ ਲਾਓ ਕਿ ਕੋਈ ਸਿੰਘ ਸਿਰੋਂ ਨੰਗਾ ਜਾ ਰਿਹਾ ਹੋਵੇ ਤਾਂ ਕਿਹੋ ਜਿਹਾ ਨਜ਼ਾਰਾ ਪੇਸ਼ ਕਰ ਰਿਹਾ ਹੈ। ਸਿੰਘ ਲਈ ਦੂਹਰੀ ਦਸਤਾਰ ਸਜਾਉਣੀ ਜ਼ਰੂਰੀ ਮੰਨੀ ਜਾਂਦੀ ਹੈ, ਉਹ ਇਸ ਲਈ ਕਿ ਇਕ ਤਾਂ ਉਹ ਚੜ੍ਹਦੀਆਂ ਕਲਾਂ ਵਾਲਾ ਪ੍ਰਭਾਵਸ਼ਾਲੀ ਦ੍ਰਿਸ਼ ਪੇਸ਼ ਕਰੇ ਤੇ ਦੂਜਾ ਕਿਸੇ ਕਾਰਨ ਵੱਡੀ ਦਸਤਾਰ ਉਤਾਰ ਵੀ ਦੇਵੇ, ਉਸ ਦੀ ਛੋਟੀ ਦਸਤਾਰ ਉਸ ਦੇ ਸਿਰ ਨੂੰ ਨੰਗੇ ਹੋਣ ਤੋਂ ਬਚਾਉਂਦੀ ਰਹੇ ਅਤੇ ਕੇਸਾਂ ਦੀ ਬੇਅਦਬੀ ਨਾ ਹੋਣ ਦੇਵੇ। ਨੰਗੇ ਸਿਰ ਰਹਿਣ ਵਾਲਿਆਂ ਲਈ ਫੁਰਮਾਨ ਹੈ :-

ਨਗਨ ਹੋਏ ਬਾਹਰ ਫਿਰੇ ਨਗਨ ਸੀਸ ਜੋ ਖਾਏ।
ਨਗਨ ਪ੍ਰਸਾਦਿ ਜੋ ਬਾਂਟਈ, ਤਨਖਾਹੀਆ ਬਡੋ ਕਹਾਏ।
.... ..... ਪਾਗ ਉਤਾਰ ਪ੍ਰਸਾਦਿ ਜੋ ਖਾਵੈ।
ਸੋ ਸਿੱਖ ਕੁੰਭੀ ਨਰਕ ਸਿਧਾਵੇ।

(ਭਾਈ ਨੰਦ ਲਾਲ ਸਿੰਘ ਜੀ)

(ਸਿੰਘ ਸ਼ਬਦ ਤੋਂ ਭਾਵ ਸਿੰਘ ਤੇ ਸਿੰਘਣੀਆਂ ਦੋਹਾਂ ਤੋਂ ਹੈ।)

ਫਿਰ :-ਕੇਸ ਨੰਗੇ ਰੱਖਣੇ ਦੋਸ਼ ਹੈ, ਦੋ ਪੱਗਾਂ ਰੱਖਣੀ ਚਾਹੀਏ। ਜੇ ਵੱਡੀ ਲਹਿ ਜਾਏ ਤਾਂ ਛੋਟੀ ਰਹੇ, ਨਿੱਕੀ ਪੱਗ ਨਾ ਲਾਹਵਣੀ।

(ਬਿਜੈ ਮੁਕਤ ਧਰਮ ਸ਼ਾਸਤ੍ਰ, ਸਾਖੀ-੮)

ਫਿਰ : ਕੇਸਾਂ ਵਿਖੇ ਜਲ ਪਾਓ, ਪੱਗ, ਦਸਤਾਰ ਜ਼ਮੀਨ ਪਰ ਨਹੀਂ ਰੱਖਣੀ। ਅਦਬ ਨਾਲ ਰੱਖਣੀ। ਨੰਗੇ ਸੀਸ ਪ੍ਰਸ਼ਾਦ ਨਾ ਛਕੇ।

(ਬਿਜੈ ਮੁਕਤ ਧਰਮ ਸ਼ਾਸਤ੍ਰ , ਸਾਖੀ-੧੦)

ਜੋ ਅੰਮ੍ਰਿਤ ਛਕਿਆ ਚਾਹਿ, ਕਛ ਪਹਿਰਾਵੇ, ਕੇਸ ਕੱਠੇ ਕਰ ਜੂੜਾ ਕਰੇ ।... ...

ਖੁੱਲ੍ਹੇ ਕੇਸੀਂ ਅਰ ਜੂੜੇ ਭੋਜਨ ਨਾ ਕਰੇ।

(ਧਰਮ ਸੁਮਾਰਗ ਪਾ: ੧੦ - ਉਤਰ ਪ੍ਰਸ਼ਨ ਭਾਈ ਦਇਆ ਸਿੰਘ ਜੀ)

ਸੋ ਸਪਸ਼ਟ ਹੈ ਸਿੰਘ ਲਈ (ਸਿੰਘ ਅਤੇ ਸਿੰਘਣੀ ਦੋਵੇਂ) ਨੰਗੇ ਸਿਰ ਰਹਿਣ ਦੀ ਸਖ਼ਤ ਮਨਾਹੀ ਹੈ। ਇਸ ਤੋਂ ਬਚਣ ਲਈ ਸਿੰਘਾਂ ਨੂੰ ਤਾਂ ਆਖਿਆ ਜਾਂਦਾ ਹੈ ਕਿ ਉਹ ਦੂਹਰੀ ਦਸਤਾਰ ਸਜਾਉਣ, ਪਰ ਸਿੰਘਣੀਆਂ ਕੀ ਕਰਨ ? ਸਿੰਘਣੀਆਂ ਨੂੰ ਵੀ ਕੇਸਕੀ ਸਜਾ ਕੇ ਇਸ ਅਵੱਗਿਆ ਤੋਂ ਸਪੱਸ਼ਟ ਹੀ ਬਚਣਾ ਚਾਹੀਦਾ ਹੈ। ਇਹ ਸਭ ਜਾਣਦੇ ਹੀ ਹਨ ਕਿ ਬੀਬੀਆਂ ਆਪਣੇ ਘਰਾਂ ਵਿਚ ਸਿਰ ਕੱਜਣ ਦੀ ਪਰਵਾਹ ਨਹੀਂ ਕਰਦੀਆਂ ਅਤੇ ਸੁੱਤੇ ਸਿਧ ਹੀ ਉਨ੍ਹਾਂ ਪਾਸੋਂ ਅਵੱਗਿਆ ਹੋ ਜਾਂਦੀ ਹੈ। ਜੇ ਉਨ੍ਹਾਂ ਨੇ ਕੇਸਕੀ ਸਜਾਈ ਹੋਵੇ ਤਾਂ ਕਿਸੇ ਉਚੇਚ ਦੀ ਲੋੜ ਨਹੀਂ ਭਾਸਦੀ ਅਤੇ ਉਹਨਾਂ ਕੋਲੋਂ ਸਹਿਜੇ ਇਸ ਹੁਕਮ ਦੀ ਪਾਲਣਾ ਹੋ ਸਕਦੀ ਹੈ। ਪੰਚਮ ਪਾਤਸ਼ਾਹ ਫੁਰਮਾਉਂਦੇ ਹਨ : "ਸਾਬਤ ਸੂਰਤਿ ਦਸਤਾਰ ਸਿਰਾ"। ਇਹ ਹੈ ਗੁਰਮਤਿ ਅਤੇ ਹੈ ਵੀ ਮਰਦ ਅਤੇ ਇਸਤ੍ਰੀ ਦੋਹਾਂ ਲਈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉਂ ਕਰਉਂ ਨਿਵਾਸ।

ਸਾਹਿਬਾਂ ਦਾ ਖ਼ਾਸ ਰੂਪ ਕੀ ਹੈ ? ਹਰ ਗੁਰਸਿੱਖ ਜਾਣਦਾ ਹੈ। ਖ਼ਾਲਸੇ ਦਾ ਭਾਵ ਸਿਰਫ਼ ਸਿੰਘ ਹੀ ਨਹੀਂ, ਸਿੰਘ ਅਤੇ ਸਿੰਘਣੀ ਦੋਵੇਂ ਹੀ ਖ਼ਾਲਸਾ ਹਨ। ਸੋ ਸਾਹਿਬ ਫੁਰਮਾਉਂਦੇ ਹਨ ਕਿ ਉਹ ਖ਼ਾਲਸੇ ਵਿਚ ਨਿਵਾਸ ਰਖਦੇ ਹਨ, ਪਰ ਉਹ ਖ਼ਾਲਸੇ ਵਿਚ, ਜੋ ਉਹਨਾਂ ਦਾ ਖ਼ਾਸ ਰੂਪ ਹੈ। ਹੁਣ ਆਪ ਹੀ ਅੰਦਾਜ਼ਾ ਲਾਓ ਕਿ ਕੇਸਕੀ ਵਾਲੀ ਬੀਬੀ ਸਾਹਿਬਾਂ ਦੇ ਰੂਪ ਦੇ ਨੇੜੇ ਹੈ ਜਾਂ ਬਿਨਾਂ ਕੇਸਕੀ ਦੇ। ਕੇਸਕੀ ਦੇ ਬਿਨਾਂ ਬੀਬੀਆਂ ਅਨੇਕ ਪ੍ਰਕਾਰ ਦੇ ਫੈਸ਼ਨ ਕਰਦੀਆਂ ਤੇ ਕੇਸਾਂ ਨੂੰ ਵਿੰਗੇ-ਟੇਢੇ ਢੰਗ ਨਾਲ ਸਵਾਰਦੀਆਂ ਹਨ। ਸੋ ਉਹਨਾਂ ਦਾ ਖ਼ਾਸ ਰੂਪ ਕਿਵੇਂ ਅਖਵਾ ਸਕਦੀਆਂ ਹਨ ? ਫਿਰ ਸਾਹਿਬ ਫੁਰਮਾਉਂਦੇ ਹਨ:-

ਜਬ ਲਗ ਖ਼ਾਲਸਾ ਰਹੇ ਨਿਆਰਾ।।
ਤਬ ਲਗ ਤੇਜ ਦੀਓ ਮੈਂ ਸਾਰਾ।।

ਨਿਆਰਾਪਨ ਸਮੂਹ ਖ਼ਾਲਸੇ ਲਈ ਹੈ। ਸਿੰਘਣੀਆਂ ਉਸੇ ਤਰ੍ਹਾਂ ਹੀ ਖ਼ਾਲਸਾ

 www.sikhbookclub.com

ਹੈ ਜਿਸ ਤਰ੍ਹਾਂ ਸਿੰਘ। ਖ਼ਾਲਸੇ ਦਾ ਅੰਮ੍ਰਿਤ ਇਕੋ, ਰਹਿਤ ਇੱਕੋ, ਖ਼ਾਲਸੇ ਲਈ ਵਾਹਿਗੁਰੂ ਦਾ ਹੁਕਮ ਇਕੋ, ਰਹਿਤ ਇੱਕੋ, ਭਾਵੇਂ ਖਾਲਸਾ ਮਰਦ ਹੈ ਭਾਵੇਂ ਇਸਤ੍ਰੀ।

ਸਿੱਖ ਇਸਤ੍ਰੀ ਲਈ ਦਸਮ ਪਾਤਸ਼ਾਹ ਜੀ ਦਾ ਦਰਸਾਇਆ ਨਿਆਰਾਪਨ ਕੀ ਹੈ? ਫੈਸ਼ਨ ਦੇ ਝੱਖੜਾਂ ਤੂਫਾਨਾਂ ਵਿਚ ਆਪਣੇ ਅਸੂਲਾਂ ਤੇ ਕਾਇਮ ਦਾਇਮ ਰਹਿਣਾ ਹੀ ਨਿਆਰਾਪਨ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਿੰਘ ਤਾਂ ਸਤਿਗੁਰੂ ਜੀ ਦੀ ਬਖਸ਼ੀ ਰਹਿਣੀ ਬਹਿਣੀ ਸਦਕਾ ਲੱਖਾਂ ਵਿਚ ਖਲੋਤਾ ਇਕ ਵੀ ਪਛਾਣਿਆ ਜਾਵੇ, ਪਰ ਸਿੰਘਣੀ ਐਸੀ ਮਿਲਗੋਭਾ ਹੋਈ ਹੈ ਕਿ ਲੱਭਿਆਂ ਵੀ ਨਹੀਂ ਲਭਦੀ, ਜਦ ਤੱਕ ਸਿੰਘ ਉਸਦੇ ਨਾਲ ਨਾ ਹੋਵੇ। ਇਹ ਕਿਉਂ ? ਇਸ ਲਈ ਕਿ ਨਾ ਸਿਰ ਤੇ ਜੂੜਾ ਤੇ ਨਾ ਸਿਰ ਤੇ ਕੇਸਕੀ। ਸੋ ਗੁਰੂ ਸਾਹਿਬ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਬੀਬੀਆਂ ਨੂੰ ਵੀ ਨਿਆਰਾਪਨ ਅਪਣਾਉਣਾ ਪਵੇਗਾ।

ਕੇਸਕੀ ਸਜਾਉਣ ਨਾਲ ਸਾਰੇ ਫੈਸ਼ਨਾਂ ਤੋਂ ਨਜਾਤ ( ਛੁਟਕਾਰਾ) ਪ੍ਰਾਪਤ ਹੋ ਜਾਂਦਾ ਹੈ। ਬਿਨਾਂ ਕੇਸਕੀ ਬੀਬੀਆਂ ਨਾ ਕਥੇ ਜਾਣ ਵਾਲੇ ਫੈਸ਼ਨ ਕਰਦੀਆਂ ਹਨ। ਜਿਸ ਵਿਚ ਨੰਗੇਜ ਪ੍ਰਧਾਨ ਹੈ, ਜੋ ਕਾਮ-ਉਤੇਜਕ ਹੁੰਦਾ ਹੈ। ਵੇਖਣ ਵਿਚ ਆਉਂਦਾ ਹੈ ਕਿ ਅਜਿਹੇ ਲਿਬਾਸ ਪਾ ਕੇ ਬੀਬੀਆਂ ਗੁਰੂ ਦੇ ਦਰਸ਼ਨ ਕਰਨ ਗੁਰਦੁਆਰਾ ਵੀ ਆ ਜਾਂਦੀਆਂ ਹਨ, ਜਦ ਕਿ ਉੱਥੇ ਸ਼ਰਧਾ -ਭਾਵਨਾ ਨਾਲ, ਸਾਦੇ ਲਿਬਾਸ ਵਿਚ ਨਿਮ੍ਰਤਾ ਸਹਿਤ ਕੁੱਝ ਪ੍ਰਾਪਤ ਕਰਨ ਲਈ ਆਉਣਾ ਹੁੰਦਾ ਹੈ। ਚੰਚਲ ਲਿਬਾਸ ਵਿਚ ਮਨ ਦਾ ਟਿਕਾਉ ਪ੍ਰਾਪਤ ਨਹੀਂ ਹੋ ਸਕਦਾ, ਜੋ ਅਤਿ ਜ਼ਰੂਰੀ ਹੁੰਦਾ ਹੈ। ਬੀਬੀਆਂ ਕੇਸਕੀ ਰੂਪੀ ਪੁਰਾਤਨ ਲਿਬਾਸ ਅਪਣਾ ਲੈਣ ਤਾਂ ਕਾਮ ਉਤੇਜਕ ਫਿਲਮਾਂ, ਬਾਜ਼ਾਰ ਵਿਚ ਤਿਆਰ ਕੀਤਾ ਗਿਆ ਗੰਦ ਪਿੱਲ ਤੇ ਹੋਰ ਅਜਿਹੀਆਂ ਕੁਰੀਤੀਆਂ ਤੋਂ ਸਹਿਜੇ ਹੀ ਬਚਾਉ ਹੋ ਸਕਦਾ ਹੈ। ਕੇਸਕੀ ਵਾਲੀ ਬੀਬੀ ਵਲ ਆਚਰਨਹੀਨ ਪੁਰਸ਼ ਮੈਲੀ ਅੱਖ ਨਾਲ ਵੇਖ ਤਕ ਨਹੀਂ ਸਕਦਾ। ਕੇਸਕੀ ਇਕ ਅਜਿਹਾ ਪੱਕਾ ਪਹਿਰਾ ਹੈ ਕਿ ਖ਼ਾਲਸਈ ਸਰੂਪ ਵਿਚ ਸਿੰਘਣੀ ਹਰ ਮੁਸ਼ਕਿਲ ਵਿਚ ਆਪਣਾ ਆਪਾ, ਇੱਜ਼ਤ ਤੇ ਅਣਖ ਸਦਾ ਕਾਇਮ ਰਖ ਸਕਦੀ ਹੈ। ਹਰ ਕੌਮ ਦੀ ਉੱਨਤੀ ਉਸ ਕੌਮ ਦੀ ਇਸਤ੍ਰੀ ਦੀ ਉਨੱਤੀ ਤੇ ਨਿਰਭਰ ਹੈ। ਸੋ ਗੁਰਸਿੱਖ ਬੀਬੀਆਂ ਨੂੰ ਕੌਮੀ ਉੱਚਤਾ ਲਿਆਉਣ ਦੇ ਪੱਖ ਤੋਂ ਵੀ ਇਸ ਪਾਸੇ ਪੂਰਨ ਧਿਆਨ ਦੇਣਾ ਚਾਹੀਦਾ ਹੈ।

ਅੰਮ੍ਰਿਤ ਪਾਨ ਕਰਾਉਣ ਸਮੇਂ ਪੰਜਾਂ ਕਕਾਰਾਂ ਦੀ ਰਹਿਤ ਜ਼ਰੂਰੀ

ਦੱਸੀ ਹੈ। ਇਨ੍ਹਾਂ ਵਿੱਚੋਂ ਇਕ ਕਕਾਰ ਕੰਘਾ ਵੀ ਹੈ, ਜੋ ਕੇਸਾਂ ਦੀ ਸਫਾਈ ਲਈ ਹਰ ਵਕਤ ਕੇਸਾਂ ਵਿਚ ਰੱਖਿਆ ਜਾਂਦਾ ਹੈ। ਅਜੋਕੇ ਸਮੇਂ ਵਿਚ ਅੰਮ੍ਰਿਤ-ਸਿੰਚਾਰ ਸਮੇਂ ਕੇਸਕੀ ਸਜਾਉਣ ਜਾਂ ਨਾ ਸਜਾਉਣ ਦੀ ਖੁਲ੍ਹ ਦੇ ਦਿਤੀ ਜਾਂਦੀ ਹੈ। ਜਿਹੜੀਆਂ ਬੀਬੀਆਂ ਕੇਸਕੀ ਨਹੀਂ ਸਜਾਉਦੀਆਂ , ਦੱਸੋ ਉਹਨਾਂ ਦਾ ਕੰਘਾ ਕੇਸਾਂ ਵਿੱਚ ਕਿਵੇਂ ਮਹਿਫੂਜ਼ ਰਹਿ ਸਕਦਾ ਹੈ ? ਗੁੱਤ ਨਾਲ ਤਾਂ ਕੰਘੇ ਦਾ ਹਰ ਸਮੇਂ ਕੇਸਾਂ ਵਿੱਚ ਟਿੱਕੇ ਰਹਿਣਾ ਮੁਸ਼ਕਲ ਹੈ। ਕਈ ਬੀਬੀਆਂ ਕੰਘੇ ਨਾਲ ਧਾਗਾ ਬੰਨ੍ਹ ਕੇ ਗੁੱਤ ਨਾਲ ਨੱਥੀ ਕਰ ਲੈਂਦੀਆਂ ਹਨ। ਇਹ ਤਾਂ ਬੁੱਤਾ ਸਾਰਨ ਵਾਲੀ ਗੱਲ ਹੋਈ। ਵੇਖੋ ਕੇਸਕੀ ਵਾਲੀਆਂ ਦੀ ਇਸ ਕਕਾਰ ਦੀ ਕਿਹੀ ਸੋਹਣੀ ਰਹਿਤ ਨਿਭਦੀ ਹੈ।

ਇਸ ਦੇ ਉਪਰੰਤ ਬਿਨਾਂ-ਦਸਤਾਰ ਅੰਮ੍ਰਿਤਧਾਰੀ ਬੀਬੀਆਂ ਇਸ਼ਨਾਨ ਸਮੇਂ ਆਮ ਤੌਰ ਤੇ ਕ੍ਰਿਪਾਨ ਉਤਾਰ ਕੇ ਕਿੱਲੀ ਨਾਲ ਟੰਗ ਦੇਂਦੀਆਂ ਹਨ, ਕਿਉਂਕਿ ਉਹਨ੍ਹਾਂ ਦੇ ਸਿਰ ਤੇ ਕ੍ਰਿਪਾਨ ਦਾ ਟਿਕਣਾ ਮੁਸ਼ਕਲ ਹੁੰਦਾ ਹੈ। ਸੋ ਇਸ ਤਰ੍ਹਾਂ ਉਹ ਜਦ ਤਕ ਇਸ਼ਨਾਨ ਕਰਦੀਆਂ ਹਨ, ਇੱਕ ਕਕਾਰ ਤੋਂ ਵਾਂਝੀਆਂ ਰਹਿੰਦੀਆਂ ਹਨ। ਕਈ ਬੀਬੀਆਂ ਛੋਟੀ ਜਿਹੀ ਕ੍ਰਿਪਾਨ ਤੇ ਕੰਘਾ ਧਾਗੇ ਵਿਚ ਪਾ ਕੇ ਗਲੇ ਵਿਚ ਲਟਕਾਈ ਰੱਖਦੀਆਂ ਹਨ। ਉਹ ਸਿੱਖ ਰਹਿਤ ਮਰਯਾਦਾ' ਨਾਮੀ ਪੁਸਤਕ ਵਿਚ ਲਿਖੇ ਇਨ੍ਹਾਂ ਸ਼ਬਦਾਂ ਦਾ ਲਾਭ ਉਠਾਉਂਦੀਆਂ ਹਨ: 'ਕ੍ਰਿਪਾਨ ਦੀ ਲੰਬਾਈ ਨੀਯਤ ਨਹੀਂ। ਇਸ ਦਾ ਭਾਵ ਤਾਂ ਇਹ ਹੈ ਕਿ ਗਾਤਰੇ ਵਿਚ ਪਾਉਣ ਵਾਲੀ ਕ੍ਰਿਪਾਨ ਦੀ ਲੰਬਾਈ ਨੀਯਤ ਨਹੀਂ , ਉਹ ਛੇ ਇੰਚ ਤੋਂ ਡੇਢ ਫੁੱਟ ਤੱਕ ਦੀ ਹੋ ਸਕਦੀ ਹੈ। ਨਾ ਕਿ ਅੱਧੇ ਇੰਚ ਦੀ ਕ੍ਰਿਪਾਨ ਗਲੇ ਵਿਚ ਲਟਕਾ ਕੇ ਬੁੱਤਾ ਸਾਰ ਲਿਆ ਜਾਵੇ। ਦਸਤਾਰ ਵਾਲੀਆਂ ਬੀਬੀਆਂ ਦੀ ਇਹ ਰਹਿਤ ਸਹਿਜੇ ਹੀ ਨਿਭ ਜਾਂਦੀ ਹੈ ਕਿਉਂਕਿ ਉਨ੍ਹਾਂ ਦੇ ਦਸਮ ਦੁਆਰ ਤੇ ਜੂੜਾ ਹੁੰਦਾ ਹੈ ਅਤੇ ਉੱਪਰ ਕੇਸਕੀ, ਜਿਸ ਕਰਕੇ ਇਸ਼ਨਾਨ ਸਮੇਂ ਕ੍ਰਿਪਾਨ ਸਹਿਜੇ ਹੀ ਸੰਭਾਲੀ ਜਾ ਸਕਦੀ ਹੈ।

ਵੇਖਣ ਵਿਚ ਆਉਂਦਾ ਹੈ ਕਿ ਸਿੱਖ ਘਰਾਣਿਆਂ ਵਿਚ ਵੀ ਹਿੰਦੂ ਘਰਾਣਿਆਂ ਵਾਂਗ ਸੁਰਖ਼ੀ, ਬਿੰਦੀ, ਸੰਧੂਰ ਨਾਲ ਮਾਂਗ ਭਰਨਾ, ਜੋ ਮਾਲਾ ਪਾਉਣੀ, ਵਰਤ ਰੱਖਣੇ, ਜਿਹਾ ਕਿ ਪੂਰਨਮਾਸ਼ੀ, ਕਰਵਾ ਚੌਥ, ਨਰਾਤੇ ਆਦਿ ਦੀਆਂ ਕੁਰੀਤੀਆਂ ਆ ਗਈਆਂ ਹਨ। ਪ੍ਰਚਾਰਕ ਕਾਫੀ ਸਮਝਾਉਂਦੇ ਹਨ ਕਿ ਇਨ੍ਹਾਂ ਸਾਰੀਆਂ ਗੱਲਾਂ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀ, ਪਰ ਕੌਣ ਸੁਣਦਾ ਹੈ? ਇਸ ਦੇ ਉਲਟ ਕੇਸਕੀ ਵਾਲੀਆਂ ਬੀਬੀਆਂ ਇਨ੍ਹਾਂ

ਸਾਰੀਆਂ ਕੁਰੀਤੀਆਂ ਤੋਂ ਸਹਿਜੇ ਹੀ ਦੂਰ ਰਹਿੰਦੀਆਂ ਹਨ। ਵੇਖੋ ਇਕ ਕੇਸਕੀ ਸਜਾਉਣ ਨਾਲ ਕਿੰਨਾ ਸੁਧਾਰ ਹੋਇਆ? ਜੋ ਕੰਮ ਅਣਗਿਣਤ ਪਰਚਾਰਕ ਨਹੀਂ ਕਰ ਸਕੇ ਉਹ ਕੇਸਕੀ ਸਹਿਜੇ ਹੀ ਕਰ ਗਈ। ਪਰਚਾਰਕਾਂ ਦੇ ਆਪਣੇ ਘਰਾਂ ਵਿਚ ਅਜਿਹੀਆਂ ਕੁਰੀਤੀਆਂ ਵੇਖਣ ਵਿਚ ਆਉਂਦੀਆਂ ਹਨ, ਜਿਸ ਕਰਕੇ ਉਨ੍ਹਾਂ ਦੇ ਪਰਚਾਰ ਦਾ ਅਸਰ ਘਟ ਜਾਂਦਾ ਹੈ। ਜੇ ਉਹ ਆਪਣੀਆਂ ਸੁਪਤਨੀਆਂ ਨੂੰ ਕੇਸਕੀ ਸਜਵਾ ਦੇਣ ਤਾਂ ਉਨ੍ਹਾਂ ਦੇ ਪਰਚਾਰ ਦਾ ਰਾਹ ਕਾਫ਼ੀ ਸੌਖਾ ਤੇ ਪ੍ਰਭਾਵਸ਼ਾਲੀ ਹੋ ਜਾਵੇਗਾ। ਸਿੱਖ ਬੀਬੀਆਂ ਕੇਸਕੀ ਸਜਾ ਲੈਣ ਤਾਂ ਗੁਰਸਿੱਖ ਰਹਿਣੀ ਬਹਿਣੀ ਬਹੁਤ ਛੇਤੀ ਪਰਵਾਨੀ ਜਾ ਸਕਦੀ ਹੈ ਅਤੇ ਬਹੁਤੇ ਲੈਕਚਰਾਂ ਤੋਂ ਬਿਨਾਂ ਹੀ ਸੁਧਾਰ ਹੋ ਸਕਦਾ ਹੈ।

ਸੋ ਇਹ ਹਨ ਕੇਸਕੀ ਸਜਾਉਣ ਦੇ ਲਾਭਾਂ ਬਾਰੇ ਕੁਝ ਕੁ ਵਿਚਾਰ ਜੋ, ਸਿੱਖ ਬੀਬੀਆਂ ਪਾਸ ਪੇਸ਼ ਕੀਤੇ ਜਾਣੇ ਹਨ, ਉਹ ਆਪ ਚੰਗੀ ਤਰ੍ਹਾਂ ਵਿਚਾਰ ਕਰ ਲੈਣ ਕਿ ਕੇਸਕੀ ਦਾ ਸਜਾਉਣਾ ਲਾਹੇਵੰਦਾ ਹੈ ਜਾਂ ਨਾ ਸਜਾਉਣਾ। ਉਹ ਆਪ ਹੀ ਨਿਰਣਾ ਕਰਨ ਕਿ ਕਿਹੜੀ ਅਵਸਥਾ ਗੁਰਸਿੱਖੀ ਦੇ ਨੇੜੇ ਕਰਦੀ ਹੈ ਅਤੇ ਕਿਹੜੀ ਦੂਰ ਲਿਜਾਂਦੀ ਹੈ । ਸੋ ਸਪਸ਼ਟ ਹੈ ਕਿ ਸਿੰਘ ਬੀਬੀਆਂ ਲਈ ਕੇਸਕੀ ਸਜਾਣੀ ਲਾਹੇਵੰਦ ਹੈ ਤੇ ਇਸ ਤਰ੍ਹਾਂ ਇਸ ਦਾ ਸਜਾਉਣਾ ਜ਼ਰੂਰੀ ਬਣ ਜਾਂਦਾ ਹੈ।

'ਸੂਰਾ' ਫਰਵਰੀ ੧੯੭੮

# ਕੇਸਕੀ ਤੇ ਸਿੰਘਣੀਆਂ

(ਬੀਬੀ ਪਰਮਜੀਤ ਕੌਰ 'ਆਸ਼ੀ', ਸਪੁੱਤਰੀ ਭਾਈ ਸੁੱਚਾ ਸਿੰਘ ਜੀ, ਬਾੜਮੇਰ, ਰਾਜਸਥਾਨ)

ਅੱਜ ਕਲ੍ਹ ਕਈ ਵੀਰ ਭੈਣਾਂ ਸਿੰਘਾਂ ਲਈ ਤਾਂ ਕੇਸਕੀ ਨੂੰ ਠੀਕ ਮੰਨਦੇ ਹਨ ਪਰ ਇਸਤ੍ਰੀਆਂ ਲਈ ਇਸ ਦੀ ਵਰਤੋਂ ਯੋਗ ਨਹੀਂ ਸਮਝਦੇ। ਖ਼ਾਸ ਤੌਰ ਤੇ ਨਵਯੁਵਕ ਸਿੰਘ, ਬੀਬੀਆਂ ਇਸ ਦੀ ਵਰਤੋਂ ਪੁਰਾਤਨ ਜਾਂ ਵਹਿਮ-ਪ੍ਰਸਤੀ ਦੇ ਇਲਜ਼ਾਮ ਤੋਂ ਡਰਦੇ ਨਿਭਾਉਣ ਤੋਂ ਕਤਰਾਂਦੇ ਹਨ। ਇਸ ਦਾ ਸਿੱਟਾ ਇਹ ਹੈ ਕਿ ਮਾਤਾ ਪਿਤਾ ਤਾਂ ਕੇਸਕੀ ਦੀ ਰਹਿਤ ਦੇ ਪਾਬੰਦ ਹਨ, ਪਰ ਘਰ ਦੇ ਬੱਚੇ, ਖ਼ਾਸ ਕਰਕੇ ਬੀਬੀਆਂ ਰਹਿਤ ਤੋਂ ਵਾਂਞੀਆਂ ਹੀ ਰਹਿੰਦੀਆਂ ਹਨ। ਕਈ ਸਿਖ ਬੀਬੀਆਂ ਵਿਚ ਇਹ ਵਹਿਮ ਵੀ ਬੈਠ ਗਿਆ ਹੈ ਕਿ ਕੇਸਕੀ ਸਜਾਉਣ ਨਾਲ ਉਹਨ੍ਹਾਂ ਦੀ ਇਸਤ੍ਰੀਅਤ ਨਹੀਂ ਰਹਿੰਦੀ। ਇਹ ਬਾਣਾ (ਪਹਿਰਾਵਾ) ਇਸਤ੍ਰੀ-ਪੁਣੇ ਦੇ ਉਲਟ ਸਮਝਿਆਂ ਜਾਂਦਾ ਹੈ। ਕਿਉਂ ? ਇਸ ਲਈ ਕਿ ਹੋਰ ਕਿਸੇ ਭੀ ਮਤ ਵਿਚ ਇਹ ਸਿਰ ਦਾ ਲਿਬਾਸ ਇਸਤ੍ਰੀਆਂ ਵਿਚ ਪ੍ਰਚੱਲਤ ਨਾ ਹੋਣ ਕਰਕੇ ਵਿਲੱਖਣ ਤੇ ਅਜੀਬ ਲਗਦਾ ਹੈ। ਇਸ ਸਬੰਧ ਵਿਚ ਹੇਠ ਲਿਖੇ ਵਿਚਾਰ ਪੇਸ਼ ਕੀਤੇ ਜਾਂਦੇ ਹਨ:-

ਇਹ ਕਿਹਾ ਜਾਂਦਾ ਹੈ ਕਿ ਸਿੰਘਣੀਆਂ ਕੇਸਾਂ ਨੂੰ ਦੁਪੱਟੇ ਆਦਿ ਨਾਲ ਢਕ ਸਕਦੀਆਂ ਹਨ। ਦਪੁੱਟਾ ਜਾਂ ਚੁੰਨੀ ਲਿਬਾਸ ਦਾ ਅੰਗ ਹੈ। ਇਸ ਦਾ ਓੜਨਾ ਜਾਂ ਨਾ ਓੜਨਾ ਕੋਈ ਗੁਰਮਿਤ ਜਾਂ ਮਨਮਤਿ ਦੀ ਗੱਲ ਨਹੀਂ। ਕੇਸਕੀ ਦੀ ਅਣਹੋਂਦ ਵਿਚ ਚੁੰਨੀ ਸਿਰ ਤੋਂ ਲਾਹੀ ਰਖਣੀ ਸਿਰ ਨੂੰ ਨੰਗਾ ਕਰਦੀ ਹੈ। ਇਸ ਲਈ ਬੁਰਾਈ ਹੈ। ਪਰ ਕੀ ਅੱਜ ਕਲ੍ਹ ਕਿਸੇ ਬੀਬੀ ਕੋਲ ਕੋਈ ਅਜਿਹੀ ਚੁੰਨੀ ਹੈ ਜਿਹੜੀ ਹਰ ਵਕਤ ਸੀਸ ਤੇ ਰਹਿੰਦੀ ਹੋਵੇ ਜਾਂ ਰਹਿ ਸਕਦੀ ਹੋਵੇ ? ਦਪੁੱਟਾ ਜਾਂ ਚੁੰਨੀ ਵੀ ਉਨ੍ਹਾਂ ਸਿਰਾਂ ਤੇ ਹੀ ਟਿਕਦੀ ਹੈ ਜੋ ਸੀਸ ਕੇਸਕੀ ਨਾਲ ਸਸ਼ੋਭਤ ਹਨ। ਇਹ ਰਹਿਤ ਹੈ, ਨਾਲੇ ਲਿਬਾਸ।

ਫਿਰ ਸੋਚਣ ਵਾਲੀ ਗੱਲ ਇਹ ਹੈ ਕਿ ਸਿੱਖ ਇਸਤ੍ਰੀ ਕੇਸ ਕਿਉਂ ਰਖਦੀ ਹੈ? ਕੀ ਇਸ ਲਈ ਕਿ ਉਸ ਦੇ ਦੇਸ਼ ਦੀਆਂ ਹੋਰ ਬਹੁਤ-ਗਿਣਤੀ ਇਸਤ੍ਰੀਆਂ ਕੇਸ ਰਖਦੀਆਂ ਹਨ? ਅੱਜ ਕੱਲ ਹਿੰਦ -ਵਾਸੀ ਆਨਮਤੀ ਇਸਤ੍ਰੀਆਂ ਵਿਚ ਬਾਹਰਲੇ ਦੇਸ਼ਾਂ ਦੇ ਪ੍ਰਭਾਵ ਹੇਠ ਆਪਣੇ ਕੇਸਾਂ ਨੂੰ ਕਟਾ ਕੇ ਕਈ ਤਰ੍ਹਾਂ ਦੇ ਫੈਸ਼ਨ ਬਣਾਉਣ ਦੀ ਕੁਰੀਤੀ ਵੱਧ ਰਹੀ ਹੈ, ਰੱਬ ਨਾ

ਕਰੇ ਜੇ ਇਹ ਬਿਮਾਰੀ ਇਤਨੀ ਵਧ ਜਾਵੇ ਕਿ ਭਾਰਤੀ ਗ਼ੈਰ-ਸਿੱਖ ਇਸਤ੍ਰੀਆਂ ਵੀ ਬਹੁ-ਗਿਣਤੀ ਵਿਚ ਇਸ ਦਾ ਸ਼ਿਕਾਰ ਹੋ ਜਾਣ ਤਾਂ ਉਸ ਹਾਲਾਤ ਵਿਚ ਸਿਖ ਇਸਤ੍ਰੀਆਂ ਦਾ ਕਰਤਵ ਕੀ ਹੋਵੇਗਾ ? ਉੱਤਰ ਸਪਸ਼ਟ ਹੈ ਕਿ ਸਿੱਖ ਅੰਮ੍ਰਿਤਧਾਰੀ ਇਸਤ੍ਰੀਆਂ ਖ਼ਾਲਸਾ ਵੀਰਾਂ ਵਾਂਗ ਗੁਰੂ ਦਾ ਹੁਕਮ ਮੰਨ ਪ੍ਰਵਾਨ ਹੋਣਗੀਆਂ।

ਸਿੱਖ ਇਸਤ੍ਰੀਆਂ ਦੇ ਕੇਸ ਬਾਕੀ ਇਸਤ੍ਰੀਆਂ ਵਾਂਗ ਆਪਣਾ ਸੁਹੱਪਣ ਪ੍ਰਗਟਾਉਣ ਜਾਂ ਹਾਰ-ਸ਼ਿੰਗਾਰ ਤੇ ਫ਼ੈਸ਼ਨ ਦਾ ਸਾਧਨ ਨਹੀਂ। ਇਹ ਇਕ ਅਸੂਲ ਅਤੇ ਹੁਕਮ ਦੀ ਪਾਲਣਾ ਦੇ ਅਧੀਨ ਹਨ। ਫੈਸ਼ਨ ਬਦਲਦੇ ਹਨ, ਪਰ ਅਸੂਲ ਨਹੀਂ। ਫਿਰ ਜੇਕਰ ਸਿੱਖ ਇਸਤ੍ਰੀਆਂ ਆਪਣੇ ਕੇਸਾਂ ਨੂੰ ਕਾਇਮ ਦਾਇਮ ਰੱਖਣ ਲਈ ਬਾਕੀ ਇਸਤ੍ਰੀਆਂ ਨਾਲੋਂ ਵਖਰਾ ਰਸਤਾ ਅਪਣਾ ਸਕਦੀ ਹੈ ਤਾਂ ਕੇਸਾਂ ਦੀ ਸੰਭਾਲ ਲਈ ਦੂਜਿਆਂ ਦੀ ਰੀਸ ਦੀ ਕੀ ਲੋੜ ਹੈ ? ਸਿੱਖ ਇਸਤ੍ਰੀਆਂ ਲਈ ਕੇਸਾਂ ਦਾ ਮੰਤਵ ਉਹ ਨਹੀਂ ਜੋ ਆਮ ਇਸਤ੍ਰੀ ਲਈ ਹੈ। ਸਿਖ ਇਸਤ੍ਰੀ ਦੀ ਨਜ਼ਰ ਵਿਚ ਕੇਸ ਸਿਰਫ ਸਰੀਰ ਦਾ ਮੁਖ ਅੰਗ ਹੀ ਨਹੀਂ ਸਗੋਂ ਗੁਰਸਿਖੀ ਦਾ ਮੂਲ ਹਨ। ਉਸ ਨੇ ਕੇਸਾਂ ਨੂੰ ਸੁਆਸਾਂ ਦੇ ਅੰਤ ਤਕ ਨਿਭਾਉਣਾ ਹੈ ਤੇ ਇਸ ਤਰ੍ਹਾਂ ਹੀ ਸਿਖੀ ਨੇ ਕੇਸਾਂ ਸੁਆਸਾਂ ਨਾਲ ਨਿਭਣਾ ਹੈ ਕੇਸਾਂ ਦਾ ਸੰਬੰਧ ਸਿਧਾ ਆਤਮਕ ਸ਼ਕਤੀ ਤੇ ਦਸਮ ਦੁਆਰ ਨਾਲ ਹੈ ਆਤਮਾ ਦੀ ਸ਼ਕਤੀ ਦੇ ਇਸ ਸੋਮੇ ਨੂੰ ਸਰੀਰ ਦੀ ਵਿਸ਼ੇਸ਼ ਸਜਾਵਟ ਲਈ ਕਈ ਤਰ੍ਹਾਂ ਦੇ ਤੋੜ ਮੋੜ ਕੇ ਫ਼ੈਸ਼ਨ ਬਨਾਣੇ ਬੜੀ ਭਾਰੀ ਭੁੱਲ ਹੈ। ਕੇਸਾਂ ਨਾਲ ਜੋ ਕੁਦਰਤੀ ਸ਼ੋਭਾ ਹੈ ਉਹ ਸਾਨੂੰ ਮੁਬਾਰਕ ਹੈ। ਇਨ੍ਹਾਂ ਨੂੰ ਸਰੀਰ ਦਾ ਫ਼ਾਲਤੂ ਅੰਗ ਸਮਝ ਕੇ ਇਨ੍ਹਾਂ ਤੋਂ ਛੁਟਕਾਰਾ ਪਾਉਣਾ ਜਾਂ ਨਾਈ ਤੋਂ ਕਟੌਂ ਵਢੌਂ ਕੇ ਸਜਾਵਟ ਕਰਵਾਉਣੀ, ਜਾਂ ਛੋਟੇ ਕੇਸ ਹੋਣ ਤੇ ਬਨਾਵਟੀ ਕੇਸ ਲਾਉਣੇ ਨਿਰਾ ਹੋਛਾਪਨ ਹੈ। ਗੁਰਮਤਿ ਕੀ ਹੈ ?" ਸਾਬਤ ਸੂਰਤਿ ਦਸਤਾਰ ਸਿਰਾ " ਦੋਹਾਂ ਲਈ, ਭਾਵੇਂ ਮਰਦ ਹੈ ਭਾਵੇਂ ਇਸਤ੍ਰੀ। ਇਸ ਤੋਂ ਹੀ ਸਿੱਖ ਇਸਤ੍ਰੀ ਦੀ ਪਛਾਣ ਆਉਂਦੀ ਹੈ ਕਿ ਉਹ ਸਿੱਖ ਇਸਤ੍ਰੀ ਹੈ। ਹਿੰਦੂ ਇਸਤ੍ਰੀ ਨਾਲੋਂ ਸਿੱਖ ਇਸਤ੍ਰੀ ਬਹੁਤ ਅਲੱਗ ਅਤੇ ਰੋਹਬ ਵਾਲੀ ਲਗਦੀ ਹੈ। ਇਕ ਅੰਗਰੇਜ਼ ਇਤਿਹਾਸਕਾਰ ਨੇ ਆਪਣੀ ਪ੍ਰਸਿਧ ਪੁਸਤਕ " ਹਿਸਟਰੀ ਆਫ਼ ਦੀ ਸਿਖਸ" ਵਿਚ ਸਿੱਖ ਇਸਤ੍ਰੀਆਂ ਸੰਬੰਧੀ ਲਿਖਿਆ ਹੈ :-

The sikh women are distinguished from Hindus of their sex by some variety of dress, chiefly by higher top knot of hair."

ਭਾਵ :- ਸਿੱਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਵਿਚ ਖ਼ਾਸ ਵਿਲੱਖਣਤਾ ਰਖਦੀਆਂ ਹਨ ਜੋ ਕਿ ਉਹਨਾਂ ਦੇ ਸਿਰ ਉਤੇ ਕੇਸਾਂ ਦੇ ਜੂੜੇ ਤੋਂ ਸਪਸ਼ਟ ਤੌਰ ਤੇ ਪ੍ਰਗਟ ਹੁੰਦਾ ਹੈ।

ਭਾਈ ਸਹਿਬ ਭਾਈ ਕਾਹਨ ਸਿੰਘ ਜੀ ਕੇਸਕੀ ਨੂੰ ਕੌਮੀ ਚਿੰਨ੍ਹ ਦਰਸਾਉਂਦੇ ਹੋਏ ਲਿਖਦੇ ਹਨ:-

"ਦਸਤਾਰ ਨੂੰ ਕੌਮੀ ਚਿੰਨ੍ਹ ਸਮਝ ਕੇ ਤੇ ਕੇਸਾਂ ਦਾ ਪਹਿਰੇਦਾਰ ਸਮਝ ਕੇ ਸੀਸ ਤੇ ਸਜਾਉਣਾ ਜ਼ਰੂਰੀ ਹੈ।"

ਕੀ ਕੌਮੀ ਚਿੰਨ੍ਹ ਵਿਚ ਸਿਰਫ ਮਰਦ ਹੀ ਸ਼ਾਮਲ ਹੁੰਦੇ ਹਨ? ਨਹੀਂ। ਕੌਮ ਵਿਚ ਇਸਤ੍ਰੀ ਅਤੇ ਬੱਚੇ ਬੁੱਢੇ ਸਭ ਸ਼ਾਮਲ ਹੁੰਦੇ ਹਨ। ਸੋ ਜੇਕਰ ਕੇਸਕੀ ਸਿੱਖੀ ਦਾ ਕੌਮੀ ਨਿਸ਼ਾਨ ਹੈ ਤਾਂ ਇਹ ਨਿਸ਼ਾਨ ਇਸਤ੍ਰੀ ਮਰਦ ਦੋਹਾਂ ਲਈ ਜ਼ਰੂਰੀ ਹੈ, ਨਾ ਕਿ ਕੇਵਲ ਮਰਦ ਲਈ। ਇਸ ਲਈ ਇਸ ਕੌਮੀ ਨਿਸ਼ਾਨ ਤੋਂ ਵਿਹੂਣੀ ਸਿੱਖ ਇਸਤ੍ਰੀ ਇਕ ਤਰ੍ਹਾਂ ਖ਼ਾਲਸਾ ਕੌਮ ਦਾ ਅੰਗ ਹੋਣ ਤੋਂ ਇਨਕਾਰੀ ਹੋ ਜਾਂਦੀ ਹੈ।

ਅੰਮ੍ਰਿਤ ਸੰਸਕਾਰ ਸਮੇਂ ਸਭ ਅਧਿਕਾਰੀਆਂ ਨੂੰ ਹੁਕਮ ਹੁੰਦਾ ਹੈ ਬੋਲ :- "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ।" ਇਸ ਤਰ੍ਹਾਂ ਅਖਵਾ ਕੇ ਇਸਤ੍ਰ ਮਰਦ ਦੋਹਾਂ ਨੂੰ ਖ਼ਾਲਸਾ ਬਣਾ ਦਿੱਤਾ ਜਾਂਦਾ ਹੈ। ਇਸ ਤੋਂ ਉਪਰੰਤ ਬਚਨ ਕੀਤੇ ਜਾਂਦੇ ਹਨ ਜੋ ਸਭਨਾਂ ਲਈ ਸਾਂਝੇ ਹੁੰਦੇ ਹਨ। ਜੋ ਵਚਨ ਗੁਰੂ ਸਾਹਿਬ ਨੇ ਖ਼ਾਲਸੇ ਪ੍ਰਤੀ ਕੀਤੇ ਹਨ ਉਹ ਸਿੰਘਾਂ ਤੇ ਸਿੰਘਣੀਆਂ ਦੋਹਾਂ ਲਈ ਹਨ, ਕਿਉਂਕਿ ਉਹ ਅੰਮ੍ਰਿਤ ਛਕ ਕੇ ਦੋਵੇਂ ਹੀ ਖ਼ਾਲਸਾ ਬਣ ਜਾਂਦੇ ਹਨ।

ਇਸ ਤਰ੍ਹਾਂ ਸਜਾਏ ਖ਼ਾਸਤੇ ਨੂੰ ਦਸਮ ਪਾਤਸ਼ਾਹ ਫੁਰਮਾਉਂਦੇ ਹਨ :-

ਖ਼ਾਲਸਾ ਮੇਰੋ ਰੂਪ ਹੈ ਖ਼ਾਸ।
ਖ਼ਾਲਸੇ ਮਹਿ ਹੌਂ ਕਰੋਂ ਨਿਵਾਸ।।

ਕੀ ਖ਼ਾਲਸੇ ਵਿਚ ਸ਼ਾਮਲ ਹੋ ਚੁੱਕੀਆਂ ਸਿੰਘਣੀਆਂ ਕੇਸਕੀ ਤੋਂ ਬਿਨਾਂ ਅਤੇ ਦਸਮ ਦੁਆਰੜੇ ਜੂੜੇ ਤੋਂ ਬਿਨਾਂ ਗੁਰੂ ਸਾਹਿਬ ਦੇ ਨਿਜ ਰੂਪ ਦੇ ਨੇੜੇ ਭੀ ਪਹੁੰਚ ਸਕਦੀਆਂ ਹਨ ? ਇਕ ਗੁੱਤ ਦੇ ਗੁੱਤਾਂ, ਧੌਣ ਤੇ ਸਿੱਧਾ ਪੁੱਠਾ ਜੂੜਾ ਜਾਂ ਕਿਸੇ ਹੋਰ ਤਰ੍ਹਾਂ ਤੇ ਵਿੰਗ-ਤੜਿੰਗਾ ਫੈਸ਼ਨ ਕੀ ਗੁਰੂ ਸਾਹਿਬ ਦੇ ਖ਼ਾਸ ਰੂਪ ਦੇ ਨਿਸ਼ਾਨ ਹੋ ਸਕਦੇ ਹਨ ? ਕਦਾਚਿਤ ਨਹੀਂ।

ਪੁਰਾਤਨ ਸਿੰਘਣੀਆਂ ਇਸ ਰਹਿਤ ਦੀ ਧਾਰਨਾ ਪ੍ਰਪਕਤਾ ਨਾਲ

ਕਰ ਕੇ, ਲੋਕ-ਲਾਜ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਗੁਰੂ ਸਾਹਿਬ ਦੇ ਹੁਕਮਾਂ ਦੀ ਪਾਲਣਾ ਦ੍ਰਿੜ੍ਹਤਾ ਨਾਲ ਕਰਦੀਆਂ ਸਨ। ਇਸ ਲਈ ਆਪਣੇ ਇਤਿਹਾਸ ਵਲ ਗਹੁ ਨਾਲ ਵੇਖੋ ਅਤੇ ਵਿਚਾਰ ਭਰੀ ਨਜ਼ਰ ਨਾਲ ਦੇਖਦਿਆਂ ਤੇ ਉਹਨਾਂ ਸ਼ਹੀਦ ਸਿੰਘਣੀਆਂ ਜਿਨ੍ਹਾਂ ਦਾ ਜ਼ਿਕਰ ਹਰ ਰੋਜ਼ ਅਰਦਾਸ ਵਿਚ ਕਰਦੇ ਹਾਂ, ਉਸ ਤੋਂ ਉਤਸ਼ਾਹਤ ਹੁੰਦਿਆਂ ਅਜ ਦੀ ਸਿੱਖ ਇਸਤ੍ਰੀ ਦਾ ਕਰਤਵ ਬਣਦਾ ਹੈ ਕਿ ਉਹ ਆਪਣੀਆਂ ਰਵਾਇਤਾਂ ਨੂੰ ਬਰਕਰਾਰ ਰਖ ਕੇ ਪੂਰਨ ਰਹਿਣੀ ਬਹਿਣੀ ਵਾਲਾ ਜੀਵਨ ਬਤੀਤ ਕਰੇ। ਕੇਸਕੀ ਰਹਿਤ ਦਾ ਅੰਗ ਹੈ ਤੇ ਇਸਤ੍ਰੀਆਂ ਲਈ ਉਨਾ ਹੀ ਜ਼ਰੂਰੀ ਹੈ ਜਿੰਨਾ ਕਿ ਮਰਦਾਂ ਲਈ।

ਭੈਣੋ ! ਨਾ ਵੇਖੋ ਕਿ ਦੁਨੀਆਂ ਕੀ ਕਰਦੀ ਹੈ, ਨਾ ਸੁਣੋ ਦੁਨੀਆਂ ਕੀ ਕਹਿੰਦੀ ਹੈ, ਆਪਣੇ ਅਸੂਲਾਂ ਤੇ ਡੱਟ ਕੇ ਕਾਇਮ ਰਹੋ, ਸਤਿਗੁਰੂ ਦੀ ਓਟ ਲਵੋ, ਉਹ ਸਦਾ ਅੰਗ ਸੰਗ ਹਨ। ਸਤਿਗੁਰਾਂ ਦਾ ਤੇਜ ਤੇ ਉਹਨਾਂ ਦੀ ਸ਼ਕਤੀ ਹਰ ਰਹਿਤਵਾਨ ਸਿੰਘ ਸਿੰਘਣੀ ਵਿਚ ਵਿਚਰ ਰਹੀ ਹੈ। ਦਸਮ ਪਾਤਸ਼ਾਹ ਜੀ ਨੇ ਤੁਹਾਨੂੰ ਵਚਨ ਦਿਤਾ ਹੋਇਆ ਹੈ :-

"ਜਬ ਲਗ ਖ਼ਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਉ ਮੈਂ ਸਾਰਾ।।"

ਨਿਆਰਾਪਨ ਖ਼ਾਲਸੇ ਲਈ ਹੈ। ਸਿੰਘਣੀ ਉਸੇ ਤਰ੍ਹਾਂ ਹੀ ਖ਼ਾਲਸਾ ਹੈ ਜਿਸ ਤਰ੍ਹਾਂ ਸਿੰਘ। ਖ਼ਾਲਸੇ ਦਾ ਅੰਮ੍ਰਿਤ ਇਕ, ਰਹਿਤ ਇਕ। ਖ਼ਾਲਸੇ ਲਈ ਸਤਿਗੁਰਾਂ ਦਾ ਹੁਕਮ ਇਕ। ਖ਼ਾਲਸਾ ਭਾਵੇਂ ਮਰਦ ਹੈ ਭਾਵੇਂ ਇਸਤ੍ਰੀ। ਦਸਮ ਪਾਤਸ਼ਾਹ ਦਾ ਦਰਸਾਇਆ ਨਿਆਰਾਪਨ ਕੀ ਹੈ ? ਫ਼ੈਸ਼ਨ ਦੇ ਝੱਖੜਾਂ ਤੂਫ਼ਾਨਾਂ ਵਿਚ ਆਪਣੇ ਅਸੂਲਾਂ ਤੇ ਡਟ ਕੇ ਕਾਇਮ ਰਹਿਣਾ ਹੀ ਨਿਆਰਾਪਨ ਹੈ। ਕਿਡੀ ਹਾਸੋ-ਹੀਣੀ ਗੱਲ ਹੈ ਕਿ ਸਿੰਘ ਤਾਂ ਸਤਿਗੁਰੂ ਦੀ ਬਖਸ਼ੀ ਰਹਿਤ-ਰਹਿਣੀ ਦਾ ਸਦਕਾ ਲੱਖਾਂ ਵਿਚੋਂ ਇਕ ਭੀ ਖਲੋਤਾ ਦੂਰੋਂ ਨਜ਼ਰ ਆ ਜਾਂਦਾ ਹੈ, ਪਰ ਸਿੰਘਣੀ ਐਸੀ ਮਿਲਗੋਭਾ ਹੋਈ ਵੀ ਹੈ ਕਿ ਲਭਿਆਂ ਲਭਦੀ ਹੀ ਨਹੀਂ, ਜਦ ਤਕ ਸਿੰਘ ਨਾਲ ਨਾ ਹੋਵੇ। ਨਾ ਸਿਰ ਤੇ ਕੇਸਾਂ ਦਾ ਜੂੜਾ ਨਾ ਕੇਸਕੀ, ਲਭੇ ਵੀ ਕਿਸ ਤਰ੍ਹਾਂ ?

ਅੰਮ੍ਰਿਤ ਛਕਣ ਵਾਲੀਆਂ ਬੀਬੀਆਂ ਦਾ ਕਈ ਵਾਰੀ ਇਹ ਸੁਆਲ ਹੁੰਦਾ ਹੈ ਕਿ ਕੀ ਉਨ੍ਹਾਂ ਨੂੰ ਕੇਸਕੀ ਦੀ ਮਆਫ਼ੀ ਨਹੀਂ ਮਿਲ ਸਕਦੀ ? ਕੇਸਕੀ ਦੀ ਮੁਆਫ਼ੀ ਮੰਗਣ ਵਾਲੀਓ ਭੈਣੋਂ ! ਯਾਦ ਰਖੋ ਕਿ ਤੁਸਾਂ ਅੰਮ੍ਰਿਤ ਸੀਸ ਭੇਟ ਕਰਕੇ ਲੈਣਾ ਹੈ, ਜੋ ਕੇਸਕੀ ਦੀ ਮੁਆਫ਼ੀ ਮੰਗਦੀਆਂ

ਹੋ ਤਾਂ ਕੀ ਸਤਿਗੁਰਾਂ ਨੂੰ ਨੰਗਾ ਸਿਰ ਭੇਟਾ ਕਰੋਗੀਆਂ ? ਅੱਜ ਕੱਲ੍ਹ ਸਿੰਘਣੀਆਂ ਕੇਸਕੀ ਤੋਂ ਮੁਆਫ਼ੀ ਮੰਗਦੀਆਂ ਹਨ, ਜੋ ਦੋ ਮਣ ਦਾ ਸਿਰ ਤੇ ਢੋਲ ਜਿਹਾ ਬਣਾ ਲੈਂਦੀਆਂ ਹਨ ਉਸ ਤੋਂ ਮੁਆਫ਼ੀ ਕਿਉਂ ਨਹੀਂ ਮੰਗਦੀਆਂ ?

ਅੱਜ ਕੱਲ੍ਹ ਭਾਰਤੀ ਸਭਿਅਤਾ ਗਿਰਾਵਟ ਵਲ ਜਾ ਰਹੀ ਹੈ। ਅਜ ਕਲ੍ਹ ਗੁਰਧਾਮਾਂ ਦੇ ਵਾਤਾਵਰਣ ਦਾ ਸਹੀ ਨਕਸ਼ਾ ਕਿਸੇ ਦਿਨ ਦਿਹਾੜੇ ਜਾਂ ਗੁਰਪੁਰਬਾਂ ਸਮੇਂ ਦੀਵਾਨ ਸਜੇ ਹੋਏ ਵਿਚ ਚੰਗੀ ਤਰ੍ਹਾਂ ਦੇਖਣ ਵਾਲਾ ਹੁੰਦਾ ਹੈ।' ਭੜਕੀਲੇ ਪਹਿਰਾਵੇ, ਹੋਛੀਆਂ ਸਰੀਰਕ ਸਜਾਵਟਾਂ, ਤੰਗ ਤੇ ਸਰੀਰ ਦੀ ਬਣਤਰ ਤੇ ਸੁਹਣੇ-ਪਣ ਲਈ ਅੱਧ-ਨੰਗੇ ਲਿਬਾਸ। ਕੀ ਅਜਿਹਾ ਵਾਤਾਵਰਣ 'ਆਪਣੇ ਜਾਂ ਦੂਜਿਆਂ ਦੇ ਮਨਾਂ ਦੀ ਮੈਲ ਦੂਰ ਕਰਨ ਵਾਲਾ ਹੁੰਦਾ ਹੈ ? ਇਹਨਾਂ ਹਾਲਤਾਂ ਵਿਚ ਇਕ ਕੇਸਕੀ ਦੀ ਰਹਿਤ ਧਾਰਨ ਕਰਨ ਨਾਲ ਇਸ ਰੋਹੜ ਵਿਚ ਰੁੜ੍ਹਨੋਂ ਰੁਕਾਵਟ ਪੈ ਸਕਦੀ ਹੈ। ਕੇਸਕੀ ਸਜਾ ਕੇ ਇਸਤ੍ਰੀ ਨੂੰ ਸਭ ਫ਼ੈਸ਼ਨ ਛੱਡਣੇ ਪੈਂਦੇ ਹਨ। ਇਸ ਲਈ ਹੀ ਬੀਬੀਆਂ ਕੇਸਕੀ ਤੋਂ ਮੁਆਫ਼ੀ ਮੰਗਦੀਆਂ ਹਨ।

ਕੇਸਕੀ ਰਹਿਤ ਨਾਲ ਸੁਸ਼ੋਭਿਤ ਬੀਬੀਆਂ ਭੈਣਾਂ ਦਾ ਪ੍ਰਭਾਵ ਵੀ ਕੁਝ ਐਸਾ ਪੈਂਦਾ ਹੈ ਕਿ ਕਿਸੇ ਮਲੀਨ ਪੁਰਸ਼ ਦੀ ਮੈਲੀ ਅੱਖ ਉਸ ਵਲ ਨਹੀਂ ਉੱਠ ਸਕਦੀ। ਇਉਂ ਪ੍ਰਤੀਤ ਹੁੰਦਾ ਹੈ ਕਿ ਦੂਰ ਦਰਸ਼ੀ ਦਸਮ ਪਾਤਸ਼ਾਹ ਜੀ ਨੇ ਆਉਣ ਵਾਲੇ ਹਾਲਾਤ ਨੂੰ ਦੇਖਦਿਆਂ ਖ਼ਾਲਸਾ ਘਰਾਣਿਆਂ ਨੂੰ ਇਸ ਬੀਮਾਰੀ ਤੋਂ ਬਚਣ ਲਈ ਕੇਸਕੀ ਦਾ ਪੱਕਾ ਪਹਿਰਾ ਲਗਾ ਦਿੱਤਾ ਹੈ। ਪਰ ਅਜ ਕਲ੍ਹ ਦੀਆਂ ਬੀਬੀਆਂ ਇਨ੍ਹਾਂ ਗੱਲਾਂ ਵਲ ਬਿਲਕੁਲ ਧਿਆਨ ਨਹੀਂ ਦਿੰਦੀਆਂ।

ਅਜ ਕਲ੍ਹ ਜਿਹੜੀਆਂ ਬੀਬੀਆਂ ਨੇ ਕੇਸਕੀ ਧਾਰਨ ਕੀਤੀ ਹੋਈ ਹੈ ਉਹ ਭੀ ਕੇਸਕੀ ਨੂੰ ਇਸ ਢੰਗ ਨਾਲ ਸਜਾਉਂਦੀਆਂ ਹਨ ਕਿ ਕੇਸਕੀ ਸਜਾਉਣ ਤੇ ਭੀ ਅੱਧੇ ਕੇਸ ਨੰਗੇ ਰਹਿੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਬੀਬੀ ਨੇ ਪੱਫ ਕੀਤਾ ਹੋਵੇ। ਭੈਣੋਂ ! ਫ਼ੈਸ਼ਨ ਵਲ ਨਾ ਜਾਵੋ ਉਸ ਦਸਮ ਪਾਤਸ਼ਾਹ ਦੀ ਬਖਸ਼ੀ ਦਾਤ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣਾ ਹੈ। ਸੋ ਸਾਡਾ ਫ਼ਰਜ਼ ਹੈ ਕਿ ਅਸੀਂ ਉਸਨੂੰ ਕੇਸਾਂ ਸਵਾਸਾਂ ਨਾਲ ਨਿਭਾਈਏ।

ਕੇਸਕੀ ਦੀ ਰਹਿਤ ਵਾਲੀਆਂ ਬੀਬੀਆਂ ਦੂਰੋਂ ਹੀ ਬਹੁਤ ਰੋਹਬ ਵਾਲੀਆਂ ਲਗਦੀਆਂ ਹਨ। ਜਿਥੇ ਮਰਜ਼ੀ ਕੋਈ ਬੀਬੀ ਖੜੀ ਹੋਵੇ, ਦੇਖਣ ਵਾਲਾ ਇਕ ਮਿੰਟ ਵਿੱਚ ਪਛਾਣ ਲੈਂਦਾ ਹੈ ਕਿ ਇਹ ਖ਼ਾਲਸਾ ਬੀਬੀ ਹੈ।

ਇਹ ਸਭ ਕੁਝ ਜਾਣਦੇ ਹੋਏ ਭੀ ਅਗਰ ਅਸੀਂ ਫਿਰ ਮਨਮਤ ਕਰੀਏ ਤਾਂ ਅਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਕਿਤਨੀ ਕੁ ਢਹਿੰਦੀ ਕਲਾ ਵੱਲ ਜਾ ਰਹੇ ਹਾਂ। ਮੇਰੇ ਪਿਤਾ ਸਮਾਨ ਭਾਈ ਹਰਨੇਕ ਸਿੰਘ ਜੀ (ਸਹੌਲੀ ਵਾਲੇ) ਜਿਨ੍ਹਾਂ ਨੇ ਥੋੜ੍ਹੀ ਉਮਰ ਵਿਚ ਹੀ ਘੋਰ ਕਮਾਈਆਂ ਕੀਤੀਆਂ ਤੇ ਗੁਰਮੁਖ ਜੀਵਨੀ ਦੀ ਝਲਕ ਦਿਖਾ ਕੇ ਅਲੋਪ ਹੋ ਗਏ, ਕਿਹਾ ਕਰਦੇ ਸਨ ਕਿ ਸਿੰਘਣੀ ਦਾ ਆਤਮਕ ਜੀਵਨ ਉਸ ਦੀ ਸਜਾਈ ਕੇਸਕੀ ਤੋਂ ਪੂਰਾ ਨਹੀਂ ਤਾਂ ਬਹੁਤ ਹੱਦ ਤੱਕ ਅਨੁਭਵ ਕੀਤਾ ਜਾ ਸਕਦਾ ਹੈ। ਉਹਨਾ ਦਾ ਕਹਿਣਾ ਸੀ ਕਿ ਕੇਸਕੀ ਨਾਲ ਪੂਰੇ ਕੇਸ ਹੀ ਨਹੀਂ ਬਲਕਿ ਮੱਥੇ ਦਾ ਉੱਪਰ ਦਾ ਹਿੱਸਾ ਵੀ ਕੱਜਣਾ ਜ਼ਰੂਰੀ ਹੈ।

ਭੈਣਾਂ ਅੱਗੇ ਮੇਰੀ ਬੇਨਤੀ ਹੈ ਕਿ ਉਹ ਕਲਜੁਗ ਦੇ ਝੱਖੜਾਂ ਤੂਫਾਨਾਂ ਤੋਂ ਬਚਣ। ਅਤੇ ਕਲਜੁਗ ਦੇ ਫੈਸ਼ਨਾਂ ਨੂੰ ਛੱਡ ਕੇ ਗੁਰੂ ਦੀਆਂ ਲਾਡਲੀਆਂ ਬਣਨ। ਇਸ ਨਾਲ ਇਸ ਕਾਲ ਵਿਚ ਭੀ ਮਾਣ ਤੇ ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਸਾਡੀ ਇਹ ਹੀ ਵਾਹਿਗੁਰੂ ਅੱਗੇ ਬੇਨਤੀ ਹੈ ਕਿ ਭਵਿੱਖਤ ਕਾਲ ਵਿਚ ਸਾਨੂੰ ਸਤਿਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਰਹੇ।

'ਸੂਰਾ' ਅਗਸਤ ੧੯੭੪

# ਕੇਸਕੀ ਦੀ ਸੋਭਾ

(ਭਾਈ ਸਾਹਿਬ ਰਾਮ ਸਿੰਘ ਜੀ, ਸੁਕੇਡਰਨ ਲੀਡਰ (ਰ।:)

ਦਸਮੇਸ਼ ਪਿਤਾ ਜੀ ਨੇ ਖ਼ਾਲਸਾ ਨੂੰ ਨਿਆਰਾ ਪਹਿਰਾਵਾ ਬਖ਼ਸ਼ਦਿਆਂ ਹੋਇਆਂ ਹੁਕਮ ਜਾਰੀ ਕੀਤਾ "ਕਿ ਸਭ ਸਿੱਖ ਪੂਰੇ ਕੇਸ ਰੱਖਣ। ਕੇਸ ਗੁਰੂ ਕੀ ਮੋਹਰ ਹਨ"। ਇਸ ਦੇ ਨਾਲ ਹੀ ਕੇਸਾਂ ਦੀ ਭੈ-ਭਾਵਨੀ ਵਾਲੀ ਸਤਿਕਾਰ ਭਰੀ ਸੰਭਾਲ ਕਰਨ ਲਈ, ਦਿਹਾੜੀ ਵਿਚ ਦੋ ਦਫਾ ਕੰਘਾ ਕਰਨ ਲਈ ਕਿਹਾ ਅਤੇ ਪੱਗ ਚੁਣ ਕੇ ਬੰਨ੍ਹਣ ਲਈ ਕਿਹਾ। ਇਸ ਨਾਲ ਗੁਰਸਿਖਾਂ ਲਈ ਕੇਸਾਂ ਦਾ ਧਾਰਨੀ ਹੋਣਾ ਅਤਿ ਜ਼ਰੂਰੀ ਹੋ ਗਿਆ। ਅਤੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਕਿਰਪਾਨ ਪਹਿਨਣ ਲਈ ਕਿਹਾ। ਸ੍ਰੀਰਕ ਉੱਦਮ, ਚੁਸਤੀ ਅਤੇ ਫੁਰਤੀਲਾਪਨ ਲਈ ਧੋਤੀ, ਚਾਦਰ ਜਾਂ ਲੰਗੋਟੀ ਦੀ ਜਗ੍ਹਾ ਕਛਹਿਰਾ ਪਹਿਨਣ ਲਈ ਕਿਹਾ। ਪੰਜ ਵਕਾਰੀ ਬਲੀਆਂ ਨੂੰ ਆਪਣੇ ਵੱਸ ਵਿਚ ਕੱੜ ਕੇ ਰਖਣ ਲਈ, ਸੱਜੇ ਹੱਥ ਵਿਚ ਸਰਬ ਲੋਹ ਦਾ ਕੜਾ ਪਹਿਰਨ ਲਈ ਕਿਹਾ।

ਇਹ ਰਹਿਤ ਮਰਯਾਦਾ ਸਭਨਾਂ ਲਈ ਸਾਂਝੀ ਪਰਚੱਲਤ ਕੀਤੀ। ਇਸਤ੍ਰੀਆਂ ਲਈ ਕੋਈ ਅਲੱਗ ਮਰਯਾਦਾ ਨਹੀਂ ਚਲਾਈ। ਜੇ ਕਲਗੀਧਰ ਪਿਤਾ ਇਸਤ੍ਰੀਆਂ ਲਈ ਅਲੱਗ ਮਰਯਾਦਾ ਨਹੀਂ ਚਲਾਉਂਦੇ ਤਾਂ ਅੰਨ੍ਹਿਆਂ, ਕਾਣਿਆਂ, ਬੌਚਿਆਂ ਅਤੇ ਲੰਗੜਿਆਂ ਲੂਲ੍ਹਿਆਂ ਵਾਸਤੇ ਭੀ ਉਹਦੇ ਉਨ੍ਹਾਂ ਦੀ ਉਮਰ ਦੇ ਲਿਹਾਜ਼ ਨਾਲ ਜਾਂ ਸਰੀਰਕ ਬੇ-ਬਸੀ ਦੇ ਖ਼ਿਆਲ ਨਾਲ ਅਲੱਗ ਮਰਯਾਦਾ ਚਲਾਉਣੀ ਲਾਜ਼ਮੀ ਹੋ ਜਾਂਦੀ। ਪਰ ਐਸਾ ਕੀਤਾ ਨਹੀਂ। ਕਿਉਂਕਿ ਰੱਬ ਇਕ ਗੁਰੂ ਇੱਕ, ਅੰਮ੍ਰਿਤ ਇੱਕ, ਨਾਮ ਇੱਕ। ਇਸ ਲਈ ਗੁਰਸਿੱਖੀ ਮਾਰਗ ਭੀ ਇਕ ਹੀ ਹੋਣਾ ਲਾਜ਼ਮੀ ਸੀ। ਇਸ ਇਕ ਮਾਰਗ ਦੇ ਪਾਂਧੀਆਂ ਲਈ, ਰਹਿਤ-ਮਰਯਾਦਵੀ ਲਿਬਾਸ ਭੀ, ਸਤਿਗੁਰਾਂ ਨੂੰ ਇੱਕ ਹੀ ਜੈਸਾ ਭਾਇਆ। ਇਕ ਮਰਯਾਦਾ ਅਤੇ ਇਕ ਲਿਬਾਸ ਦੇ ਕਾਰਨ ਖ਼ਾਲਸਾ ਭੀ ਇੱਕ ਹੀ ਹੈ। ਅਤੇ ਖ਼ਾਲਸਾ ਜੀ ਦਾ ਦਰਸ਼ਨ ਭੀ ਇਕ ਹੀ ਸਮਾਨ ਹੈ। ਇਹ ਦਰਸ਼ਨ ਖਾਸ ਅਗੰਮੜਾ ਦਰਸ਼ਨ ਹੈ, ਚੜ੍ਹਦੀਆਂ ਕਲਾਂ ਵਾਲਾ ਦਰਸ਼ਨ ਹੈ, ਸ਼ਾਂਤੀ ਅਨੰਦ ਅਤੇ ਸੀਤਲਤਾ ਬਖ਼ਸ਼ਣ ਵਾਲਾ ਦਰਸ਼ਨ ਹੈ, ਇਹ ਕਲਗੀਧਰ ਜੀ ਦਾ ਖ਼ਾਸ (ਰੂਪ) ਦਰਸ਼ਨ ਹੈ। ਖ਼ਾਸ ਰੂਪ ਇੱਕ ਹੀ ਰੂਪ ਹੋਇਆ ਕਰਦਾ ਹੈ, ਇਕ ਤੋਂ ਜ਼ਿਆਦਾ ਨਹੀਂ। ਇਸ ਲਈ ਕੇਸ-ਕਕਾਰੀ ਦਸਤਾਰੀ-ਦਰਸ਼ਨ-ਭਰਪੂਰ-ਰਹਿਤ ਸਭ ਸਿਖਨ (ਮਰਦਾਂ

ਇਸਤ੍ਰੀਆਂ) ਲਈ ਸਾਂਝੀ ਹੈ।

ਪੰਥ ਵਿਚ ਬੀਬੀਆਂ ਦੇ ਦਸਤਾਰ ਸਜਾਉਣ ਬਾਰੇ ਕੁਝ ਮਤ-ਭੇਦ ਦੀ ਗੰਧਲਤਾ ਜਹੀ ਖੜੀ ਹੋ ਗਈ ਹੈ। ਥੋੜੀ ਗਿਣਤੀ ਤਾਂ ਦਸਤਾਰ ਦੇ ਹੱਕ ਵਿਚ ਹੈ। ਪਰ ਬਹੁ-ਗਿਣਤੀ ਇਸ ਦੇ ਖ਼ਿਲਾਫ ਹੈ। ਕੱਛ, ਕੜਾ, ਕੰਘਾ ਅਤੇ ਕਿਰਪਾਨ ਬਾਰੇ ਸਾਰੇ ਸਹਿਮਤ ਹਨ ਕਿ ਇਹ ਹਰ ਅੰਮ੍ਰਿਤਧਾਰੀ ਨੂੰ ਪਹਿਨਣੇ ਚਾਹੀਦੇ ਹਨ। ਕੇਸ ਤਾਂ ਗੁਰੂ-ਕੀ-ਮੋਹਰ ਹੋਣ ਦੇ ਨਾਤੇ ਹਰ ਅੰਮ੍ਰਿਤਧਾਰੀ ਦੇ ਸੀਸ ਉਤੇ ਹੋਣੇ ਲਾਜ਼ਮੀ ਹਨ। ਇਹ ਤਾਂ ਸਰੀਰ ਤੋਂ ਆਪਣੇ ਆਪ ਅਲੱਗ ਹੋਣੋਂ ਰਹੇ। ਇਸ ਲਈ ਏਨ੍ਹਾਂ ਨੂੰ ਬਾਕੀ ਕਕਾਰਾਂ ਦੀ ਤਰ੍ਹਾਂ ਪਹਿਨਣ ਦਾ ਸਵਾਲ ਹੀ ਨਹੀਂ ਉੱਠਦਾ । ਸਵਾਲ ਤਾਂ ਇਨ੍ਹਾਂ ਕੇਸਾਂ ਦੀ ਸੰਭਾਲ ਦਾ ਹੈ। ਸੰਭਾਲ ਭੀ ਗੁਰ-ਦਰਸਾਈ ਮਰਯਾਦਾ ਅਨੁਸਾਰ-ਦੋ ਦਫਾ ਕੰਘਾ ਅਤੇ ਚੁਣ ਕੇ ਪੱਗ।

ਬਹੁਤ ਸਾਰੀ ਸਿੱਖੀ ਮਰਯਾਦਾ ਸੀਨਾ-ਬਸੀਨਾ ਹੀ ਚਲੀ ਆਈ ਭਾਸਦੀ ਹੈ। ਕੋਈ ੫੦-੬੦ ਬਰਸ ਪਹਿਲੋਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਕੇਸਕੀ ਸਜਵਾ ਕੇ ਹੀ ਬੀਬੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ ਕਰਦੇ ਸਨ। ਭੁਝੰਗਣ ਆਸ਼ਰਮ ਕੈਰੋਂ ਵਿਚ ਸਭ ਵਿਦਿਆਰਥਣਾਂ ਦੇ ਸਿਰਾਂ ਉਤੇ ਕੇਸਕੀ ਹੋਇਆ ਕਰਦੀ ਸੀ। ਇਸ ਤੋਂ ਪ੍ਰਤੀਤ ਕਿ ਕੇਸਕੀ ਪੁਰਾਤਨ ਗੁਰਸਿਖੀ ਰਹੁਰੀਤ ਦਾ ਇਕ ਪੱਕਾ ਅੰਗ ਸੀ ਅਤੇ ਪੰਜਵਾਂ ਕਕਾਰ ਸੀ। ਜਿਉਂ ਜਿਓ ਸਮਾਂ ਬੀਤਦਾ ਗਿਆ, ਸਿਖ ਅਰਾਮ-ਤਲਬ ਹੁੰਦੇ ਹੁੰਦੇ, ਮਾਇਆ ਵਿਚ ਖੁਭ ਕੇ ਫੈਸ਼ਨ-ਪ੍ਰਸਤ ਹੋ ਗਏ, ਤਿਉਂ ਤਿਉਂ ਹੀ ਕੇਸਕੀ ਅੱਖਾਂ ਤੋਂ ਓਹਲੇ ਹੁੰਦੀ ਗਈ। ਹਾਲਤ ਏਥੋਂ ਵਿਗੜੀ ਕਿ ਪੰਥ ਦੀ ਵਾਗ-ਡੋਰ ਆਰਾਮ-ਤਲਬ ਸਿੱਖਾਂ ਦੇ ਹੱਥ ਆਉਣ ਕਰਕੇ, ਇਹਨ੍ਹਾਂ ਨੇ ਪੰਥ ਦੀ ਰਹਿਤ ਮਰਯਾਦਾ ਦੇ ਖਰੜੇ ਵਿਚ ਹੀ ਲਿਖ ਦਿਤਾ ਕਿਮ " ਸਿਖ ਇਸਤ੍ਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ।" ਰਹਿਤ ਮਰਯਾਦਾ ਵਿਚ ਛੋਟ ਦਿਤੀ ਗਈ। ਮਨ ਮਰਜ਼ੀ ਦੀ ਰਹਿਤ ਦਾ ਆਰੰਭ ਹੋ ਗਿਆ। ਆਪਣੇ ਘਰ ਆਪੇ ਸੰਨ੍ਹ ਲਵਾ ਲਈ। ਫਿਰ ਬਚਣਾ ਕੀ ਸੀ । ਸਿੱਖੀ ਦਾ ਜੋ ਹਸ਼ਰ ਹੋਇਆ, ਅਸੀਂ ਸਭ ਦੇਖ ਰਹੇ ਹਾਂ। ਇਸ ਨਾਲ ਗੁਰਸਿੱਖੀ ਰਹਿਤ ਰਹਿਣੀ ਤੋਂ ਸਾਡੀ ਵਿੱਥ ਪੈ ਗਈ। ਸਾਡੇ ਵਿਚ ਢਿਲਿਆਈ ਸ਼ੁਰੂ ਹੋ ਗਈ। ਨਤੀਜਾ ਇਹ ਹੋਇਆ ਕਿ ਬੀਬੀਆਂ ਨੇ ਅਨਮਤੀਆਂ ਦੀ ਕੁ-ਰਸੇ ਗੁਰੂ ਦੀ ਮੋਹਰ ਦਾ ਅਦਬ ਇਕ ਪਾਸੇ ਰੱਖ ਦਿੱਤਾ ਅਤੇ ਇਸ ਪਾਵਨ ਮੋਹਰ ਨੂੰ ਫੈਸ਼ਨ ਦਾ ਵਸੀਲਾ ਬਣਾ ਲਿਆ।

ਜੇ ਅੱਜ ਕਿਸੇ ਬੀਬੀ ਦਾ ਦਸਤਾਰ ਸਜਾਉਣ ਵੱਲ ਧਿਆਨ ਕਰਾਉਣ ਦੀ ਕੋਸ਼ਿਸ਼ ਕਰੀਏ ਤਾਂ ਤੁਰਤ ਜਵਾਬ ਮਿਲਦਾ ਹੈ ਕਿ ਦਸਤਾਰ ਆਦਮੀਆਂ ਦਾ ਪਹਿਰਾਵਾ ਹੈ, ਤੀਵੀਆਂ ਦਾ ਨਹੀਂ। ਇਸ ਵਿਚਾਰ ਨਾਲ ਬਹੁਤ ਸਾਰੇ ਮਰਦ ਭੀ ਸਹਿਮਤ ਹਨ। ਸਾਡੀ ਵਿਕਾਰ-ਦ੍ਰਿਸ਼ਟੀ ਦੀ ਤਸੱਲੀ ਲਈ, ਬੀਬੀਆਂ ਆਦਮੀਆਂ ਵਰਗੀਆਂ ਬੁਸ਼-ਸ਼ਰਟ ਪਹਿਨ ਸਕਦੀਆਂ ਹਨ, ਆਦਮੀਆਂ ਵਰਗੀਆਂ ਪੈਂਟਾਂ ਪਹਿਨ ਸਕਦੀਆਂ ਹਨ, ਆਦਮੀਆਂ ਵਰਗੇ ਪਜਾਮੇ ਪਹਿਨ ਸਕਦੀਆਂ ਹਨ ਅਤੇ ਆਦਮੀਆਂ ਵਰਗੀਆਂ ਹਜਾਮਤਾਂ ਭੀ ਕਰਵਾ ਸਕਦੀਆਂ ਹਨ। ਐਸੇ ਫੈਸ਼ਨ ਤੇ ਮਰਦਾਨਾ ਲਿਬਾਸ ਵਿਚ ਫਿਰਦੀਆਂ ਹੋਈਆ ਬੱਚੀਆਂ ਸਾਨੂੰ ਬ-ਖ਼ੁਸ਼ੀ ਪ੍ਰਵਾਨ ਹਨ, ਪਰ ਜੇ ਕੇਸਕੀ ਸਜਾਉਣ ਦਾ ਨਾਮ ਲਿਆ ਜਾਏ ਤਾਂ ਸਾਨੂੰ ਸਿੱਧੀ ਗੋਲੀ ਵੱਜਦੀ ਹੈ। ਵਜੇ ਕਿਉਂ ਨਾ ? -

ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥ (੬੪੬)

ਅਸੀਂ ਕੇਸਕੀ ਨਾ ਸਜਾਉਣ ਦੇ ਬਹਾਨੇ ਢੂੰਡਦੇ ਹਾਂ ਅਤੇ ਪੁੱਛਦੇ ਹਾਂ ਕਿ ਦੱਸੋ ਇਤਿਹਾਸ ਵਿਚ ਕਿੱਥੇ ਲਿਖਿਆ ਹੈ ਕਿ ਕੇਸਕੀ ਸਜਾਓ ?

ਜੇ ਕੋਈ ਸਾਡਾ ਧਿਆਨ " ਸਾਬਤ ਸੂਰਤਿ ਦਸਤਾਰ ਸਿਰਾ " ਵਾਲੇ ਗੁਰਵਾਕ ਵਲ ਲੈ ਜਾਏ ਤਾਂ ਅੱਸੀਂ ਝੱਟ ਹੀ ਕਹਿ ਦੇਂਦੇ ਹਾਂ ਕਿ " ਇਹ ਤੁਕ ਸਤਿਗੁਰਾਂ ਨੇ ਮੁਸਲਮਾਨਾਂ ਬਾਰੇ ਉਚਰੀ ਸੀ, ਸਾਡੇ ਬਾਰੇ ਨਹੀਂ। ਇਹ ਸਾਨੂੰ ਲਾਗੂ ਨਹੀਂ ਹੈ। " ਜੇ ਇਹ ਭਾਵ ਮਨਜ਼ੂਰ ਕਰ ਲਿਆ ਜਾਏ ਤਾਂ ਸਾਨੂੰ ਸ਼ਾਇਦ ਗੁਰਬਾਣੀ ਵਿਚ ਦਰਸਾਇਆ ਹੋਇਆ ਕੋਈ ਹੁਕਮ ਭੀ ਲਾਗੂ ਨਾ ਹੋਵੇ । ਕਿਉਂਕਿ ਗੁਰੂ ਸਾਹਿਬਾਂ ਨੇ ਪੰਡਿਤਾਂ, ਮੁਸਲਮਾਨਾਂ, ਸਿੱਧਾਂ, ਜੋਗੀਆਂ, ਸੰਨਿਆਸੀਆਂ, ਮੁੱਲਾਂ, ਮੌਲਵੀਆਂ ਆਦਿ ਨੂੰ ਹੀ ਸੰਬੋਧਨ ਕਰ ਕੇ ਸਿਖਸ਼ਾ ਦਿਤੀ ਹੈ। ਐਸਾ ਸੋਚਣਾ ਕਿ ਇਹ ਹੁਕਮ ਸਾਨੂੰ ਲਾਗੂ ਨਹੀਂ ਪਹਿਲੇ ਦਰਜੇ ਦੀ ਭ੍ਰਿਸ਼ਟ-ਖਿਆਲੀ ਹੈ। ਸੰਸਾਰ ਨੂੰ ਸਿਖਿਆ ਦੇਣ ਖ਼ਾਤਰ ਕਿਸੇ ਨਾ ਕਿਸੇ ਜੀਵ ਦੇ ਪਰਥਾਏ ਤਾਂ ਸਤਿਗੁਰਾਂ ਨੇ ਬਚਨ ਕਹਿਣਾ ਹੀ ਸੀ । ਐਸੀ ਸਿਖਿਆ ਸਾਰੇ ਸੰਸਾਰੀ ਜੀਵਾਂ ਲਈ ਸਾਂਝੀ ਹੁੰਦੀ ਹੈ। ਸ੍ਰੀ ਮੁਖ਼ਵਾਕ ਹੈ-

ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ॥ (੬੪੭)

ਗੁਰਬਾਣੀ ਅੰਦਰ ਦਰਸਾਏ ਸਾਰੇ ਹੁਕਮ ਅਤੇ ਸਾਰੇ ਗੁਰ-ਬਚਨ ਭਾਵੇਂ ਕਿਸੇ ਦੀ ਸੋਧ ਸੁਧਾਈ ਲਈ ਕਹੇ ਹੋਣ , ਭਾਵੇਂ ਕਿਸੇ ਮੌਕੇ ਉੱਤੇ

ਕਹੇ ਹੋਣ । ਇਹ ਸਾਰੇ ਹੀ ਸਭ ਸੰਸਾਰੀਆਂ ਨੂੰ ਲਾਗੂ ਹੁੰਦੇ ਹਨ। ਇਹ ਹੁਕਮ ਸਭ ਕੌਮਾਂ ਲਈ, ਸਭ ਜਾਤਾਂ ਪਾਤਾਂ ਲਈ, ਸਭ ਮਰਦਾਂ ਇਸਤ੍ਰੀਆਂ, ਬੱਚੀਆਂ ਅਤੇ ਬੁੱਢਿਆਂ ਲਈ, ਤੰਦਰੁਸਤਾਂ ,ਅਤੇ ਬੀਮਾਰਾਂ ਨੂੰ ਇਕ-ਬਰਾਬਰ ਲਾਗੂ ਹਨ। ਜਿਵੇਂ ਫ਼ੁਰਮਾਨ ਹੈ-

" ਝੂਠੁ ਨ ਬੋਲਿ ਪਾਡੇ ਸਚੁ ਕਹੀਐ।।"(੯੦੪)

ਇਹ ਗੁਰ-ਫੁਰਮਾਨ ਪੰਡਤ ਨੂੰ ਮੁਖ਼ਾਤਿਬ ਕਰ ਕੇ ਉਚਾਰਿਆ ਗਿਆ ਹੈ। ਪਰ ਝੂਠ-ਨਾ-ਬੋਲਣ ਅਤੇ ਸੱਚ ਕਹਿਣ ਵਾਲਾ ਹੁਕਮ ਸਭ ਸੰਸਾਰੀਆਂ ਨੂੰ ਲਾਗੂ ਹੈ ਨਾ, ਕਿ ਕੇਵਲ ਪੰਡਤਾਂ ਨੂੰ ਹੀ।

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।। ( ੯੨੩)

ਭਾਵੇਂ ਗੁਰੂ ਅਮਰ ਦਾਸ ਜੀ ਨੇ ਸਿਖਾਂ ਨੂੰ ਕਹਿਆ ਕਿ "ਮੇਰੇ ਪਿੱਛੋਂ ਨਿਰਬਾਣ ਕੀਰਤਨ ਕਰਿਓ।" ਇਸ ਦਾ ਭਾਵ ਇਹ ਨਹੀਂ ਕਿ ਨਿਰਬਾਣ ਕੀਰਤਨ ਕੇਵਲ ਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਹੀ ਕਰਨਾ ਸੀ, ਸਗੋਂ ਇਸ ਦਾ ਲਾਗੂ ਹੋਣਾ ਸਾਰੇ ਸਿੱਖਾਂ ਦੇ ਚਲਾਣੇ ਨਾਲ ਸੰਬੰਧਤ ਹੈ। ਹਰ ਪ੍ਰਾਣੀ (ਮਰਦ, ਇਸਤ੍ਰੀ, ਬੱਚੇ ਅਤੇ ਬੁੱਢੇ) ਦੇ ਚਲਾਣੇ ਪਿਛੋਂ, ਦਰਸਾਈ ਤੁਕ ਰਾਹੀ ਨਿਰਬਾਣ ਕੀਰਤਨ ਕਰਨ ਦਾ ਹੁਕਮ ਹੈ। ਸਤਿਗੁਰਾਂ ਨੂੰ ਐਸਾ ਹੀ ਭਾਉਂਦਾ ਹੈ। ਸਤਿਗੁਰਾਂ ਦੀ ਖ਼ੁਸ਼ੀ ਪ੍ਰਾਪਤ ਕਰਨ ਖ਼ਾਤਰ ਸਾਨੂੰ ਐਸਾ ਹੀ ਕਰਨਾ ਚਾਹੀਦਾ ਹੈ।

ਜੇ ਗੁਰੂ ਨਾਨਕ ਸਾਹਿਬ ਨੇ ਪੰਜਾ ਸਾਹਿਬ ਵਾਲੀ ਸਾਖੀ ਰਚ ਕੇ ਵਲੀ ਕੰਧਾਰੀ ਦਾ ਅਹੰਕਾਰ ਅਤੇ ਕ੍ਰੋਧ ਨਵਿਰਤ ਕੀਤਾ ਸੀ ਤਾਂ ਇਸ ਦਾ ਭਾਵ ਇਹ ਨਹੀਂ ਕਿ ਵਲੀ ਕੰਧਾਰੀ ਤੋਂ ਬਿਨਾਂ ਜਾਂ ਮੁਸਲਮਾਨਾਂ ਤੋਂ ਬਿਨਾਂ (ਵਲੀ ਕੰਧਾਰੀ ਮੁਸਲਮਾਨ ਪੀਰ ਸੀ) ਬਾਕੀ ਦੇ ਸਾਰੇ ਸੰਸਾਰੀ ਅਹੰਕਾਰ ਦੀ ਟੀਸੀ ਉੱਤੇ ਚੜ੍ਹੇ ਫਿਰਨ, ਅਤੇ ਰੱਜ ਰੱਜ ਕੇ ਕ੍ਰੋਧ ਕਰਨ। ਇਹ ਉਪਦੇਸ਼ ਸਾਰੇ ਜਹਾਨ ਦੇ ਮਰਦਾਂ ਅਤੇ ਇਸਤ੍ਰੀਆਂ ਲਈ ਸਾਝਾ ਹੈ। ਏਸੇ ਪ੍ਰਕਾਰ ਹੀ " ਸਾਬਤ ਸੂਰਤਿ ਦਸਤਾਰ ਸਿਰਾ " ਵਾਲਾ ਹੁਕਮ ਕੇਵਲ ਮੁਸਲਮਾਨਾਂ ਨੂੰ ਹੀ ਲਾਗੂ ਨਹੀਂ, ਸਗੋਂ ਹਰ ਔਰਤ, ਮਰਦ, ਬੱਚੇ ਤੇ ਬੁੱਢੇ ਨੂੰ ਲਾਗੂ ਹੈ।

ਗੁਰਬਾਣੀ ਵਿਚ ਆਏ ਹੁਕਮ ਸਭ ਨੂੰ ਬਰਾਬਰ ਲਾਗੂ ਹਨ। ਗੁਰਬਾਣੀ ਵਿਚ ਕੱਥੀ ਹੋਈ ਸਚਿਆਈ ਉਤੇ ਹਰ ਸਿਖ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ। ਜੇ ਨਹੀਂ, ਤਾਂ ਉਹ ਸਿਖ ਹੀ ਨਹੀਂ। ਸਾਨੂੰ ਯਕੀਨ ਦਿਵਾਉਣ ਲਈ ਫੁਰਮਾ ਰਹੇ ਹਨ-

ਸਚ ਕੀ ਬਾਣੀ ਨਾਨਕੁ ਆਖੈ.............. (੭੨੩)
ਸਤਿਗੁਰ ਕੀ ਬਾਣੀ
ਸਤਿ ਸਤਿ ਕਰਿ ਜਾਣਹੁ ਗੁਰਸਿਖਹੁ.......... (੩੦੮)

ਤਾਂ ਤੇ ਸਾਨੂੰ ਜ਼ਰੂਰ ਹੀ ਗੁਰਬਾਣੀ ਉੱਤੇ ਪੂਰਨ ਵਿਸ਼ਵਾਸ ਕਰਨਾ ਚਾਹੀਦਾ ਹੈ।

"ਸਾਬਤ ਸੂਰਤਿ ਦਸਤਾਰ ਸਿਰਾ " ਹੁਕਮ ਰਾਹੀਂ ਸਤਿਗੁਰੂ ਸਾਨੂੰ ਕਹਿ ਰਹੇ ਹਨ ਕਿ " ਹੇ ਸਿੱਖੋ। ਆਪਣੀ ਸੂਰਤਿ ਨੂੰ ਸਾਬਤ ਰੱਖੋ-ਨੱਕ ਕੰਨ ਨ ਵਿਨ੍ਹਾਓ। ਸੁੰਨਤ ਨਾ ਕਰੋ। ਕੇਸਾਂ ਸਮੇਤ ਸੂਰਤ ਨੂੰ ਸਾਬਤ ਰੱਖੋ। ਅਤੇ ਇਸ ਸਾਬਤ ਸੂਰਤਿ ਵਾਲੇ ਸਰੀਰ ਦੇ ਸਿਰ ਉਤੇ ਦਸਤਾਰ ਸਜਾ ਕੇ ਗੁਰੂ ਦੀ ਭੈ-ਭਾਵਨੀ ਅਤੇ ਪ੍ਰੇਮ ਸਹਿਤ ਸੰਭਾਲ ਕਰੋ। ਇਸ ਪ੍ਰਕਾਰ ਸਤਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।"

ਅਸੀਂ ਤਾਹੀਓਂ ਹੀ ਸਿਖ ਕਹਿਲਾਉਣ ਦੇ ਹੱਕਦਾਰ ਹਾਂ, ਜੇ ਅਸੀਂ ਸਤਿਗੁਰਾਂ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨੀਏ। ਆਪਣੀ ਮਨ ਮਰਜ਼ੀ ਦਾ ਭਾਣਾ ਛੋੜ ਕੇ ਗੁਰੂ ਦੇ ਭਾਣੇ ਵਿਚ ਹੋ ਤੁਰੀਏ। ਇਹ ਗੱਲ ਗਰੀਬ-ਨਿਵਾਜ ਖ਼ੁਦ ਫੁਰਮਾ ਰਹੇ ਹਨ-

" ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।।"

ਜੇ ਅਸੀਂ ਆਪਣੀ ਮਨ ਮਰਜ਼ੀ ਹੀ ਕਰਦੇ ਰਹੇ ਤਾਂ-

" ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ।।" (੬੦੧)

ਆਪਣੇ ਭਾਣੇ ਵਿਚ ਚੱਲਣ ਦਾ ਨਤੀਜਾ ਬੜਾ ਭਿਅੰਕਰ ਹੈ। ਜੇ ਅਸੀਂ ਦੂਸਰਿਆਂ ਦਾ ਮੱਥਾ ਡੱਮ੍ਹਣ ਲਈ ਥੋੜੀ ਬਹੁਤ ਧਾਰਮਕ ਰਹਿਤ ਮਰਯਾਦਾ ਰੱਖੀ ਹੀ ਫਿਰੀਏ, ਅਤੇ ਮਨ-ਆਈਆਂ ਭੀ ਨਾ ਛੱਡੀਏ ਤਾਂ ਗੱਲ ਨਹੀਂ ਬਣਨੀ ਅਤੇ ਸਾਡਾ ਇਸ ਪ੍ਰਕਾਰ ਵਾਲਾ ਅਧੂਰਾ ਠੀਹੇ-ਠੱਪੇ ਵਾਲਾ ਧਾਰਮਿਕ ਸ਼ਿੰਗਾਰ ਬਿਰਥਾ ਹੀ ਜਾਏਗਾ ਯਥਾ ਗੁਰਵਾਕ-

ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ
ਸਭੁ ਬਾਦਿ ਸੀਗਾਰੁ ਫੋਕਟ ਫੋਕਟਾਈਆ।। (੮੩੬)

ਤਾਂ ਤੇ ਸਾਡਾ ਬਚਾਉ ਗੁਰੂ ਨੂੰ ਭਾਉਂਦਾ ਸ਼ਿੰਗਾਰ ਕਰਨ ਵਿੱਚ ਹੀ ਹੈ । ਆਪਣੀ ਸੂਰਤਿ ਭੀ (ਕੇਸਾਂ ਸਮੇਤ) ਸਾਬਤ ਰਖੀਏ ਅਤੇ ਸੀਸ ਉੱਤੇ ਦਸਤਾਰ ਭੀ ਸਜਾਈਏ । ਇਸ ਹੁਕਮ ਤੋਂ ਇਹ ਗੱਲ ਪੱਕੀ ਹੋ ਗਈ ਹੈ। ਕਿ ਕੇਸਾਂ ਅਤੇ ਦਸਤਾਰ ਦਾ ਧੁਰ - ਧੁਰੰਦਰੀ ਰੱਬ ਦੀ ਖ਼ੁਸ਼ੀ ਅੰਦਰ ਜੋੜ ਹੈ । ਕੇਸਾਂ ਤੋ ਬਿਨਾਂ ਸੂਰਤਿ ਸਾਬਤ ਨਹੀ ਹੋ ਸਕਦੀ । ਇਸ ਲਈ

ਸਾਬਤ ਸੂਰਤਿ ਦਾ ਇਸ਼ਾਰਾ ਸਾਬਤ ਕੇਸਾਂ ਵੱਲ ਹੈ। ਵਾਹਿਗੁਰੂ!

ਕੇਸਨ ਨਰ ਧਾਰੇ ਹੈ ਜਬ ਹੀ ।
ਪੂਰਨ ਰੂਪ ਹੋਇ ਹੈ ਤਬ ਹੀ ।
(ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਕੇਸਾਂ ਤੇ ਬਿਨਾਂ ਸੂਰਤਿ ਸਾਬਤ ਨਹੀ ਹੋ ਸਕਦੀ , ਅਤੇ ਦਸਤਾਰ ਤੋਂ ਬਿਨਾਂ ਕੇਸ ਸੰਭਾਲੇ ਨਹੀ ਜਾ ਸਕਦੇ । ਸਤਿਗੁਰ ਸਚੇ ਪਾਤਿਸ਼ਾਹ ਰੱਬੀ ਦਰਗਾਹ ਦਾ ਇਕ ਹੋਰ ਭੇਦ ਸਾਨੂੰ ਦਸਦੇ ਹਨ ਕਿ-

"ਸੋਹਣੇ ਨਕ ਜਿਨ ਲੰਮੜੇ ਵਾਲਾ ।।" (੫੬੭)

ਸੋਹਣੇ ਨੱਕ ਦਾ ਭਾਵ ਹੈ ਪਤਿ,ਆਬਰੂ , ਇੱਜ਼ਤ , ਜਿਹੜੀ ਹਰਿ ਦਰਗਾਹ ਮਿਲਦੀ ਹੈ । "ਜਿਨ ਲੰਮੜੇ ਵਾਲਾ " ਦਾ ਭਾਵ ਹੈ ਜਿਨ੍ਹਾਂ ਦੇ ਸੀਸ ਉੱਤੇ ਸਾਬਤ ਕੇਸ ਹਨ ( ਅਤੇ ਗੁਰ - ਦੀਖਿਅਤ ਹਨ ) । ਸਮੁੱਚਾ ਭਾਵ ਇਹ ਕਿ ਜਿਨ੍ਹਾਂ ਦੇ ਸੀਸ ਉਤੇ ਸਾਬਤ ਕੇਸ ਹਨ ਉਨ੍ਹਾਂ ਨੂੰ ਰੱਬ ਦੀ ਦਰਗਾਹ ਵਿਚ ਮਾਣ ਪ੍ਰਾਪਤ ਹੁੰਦਾ ਹੈ। ਤਾਂ ਤੇ ਸਾਬਤ ਕੇਸ (ਗੁਰ-ਦੀਖਿਅਤ ਹੋ ਕੇ), ਜਿਹੜੇ ਰੱਬ ਦੀ ਦਰਗਾਹ ਵਿਚ ਸਾਡੇ ਲਈ ਮਾਣ ਅਤੇ ਪਤਿ ਪ੍ਰਾਪਤ ਕਰਨ ਦਾ ਵਸੀਲਾ ਬਣਨਹਾਰੇ ਹਨ, ਸਾਨੂੰ ਸਤਿਕਾਰ ਸਹਿਤ ਦਸਤਾਰ ਸਜਾ ਕੇ ਸੰਭਾਲਣੇ ਚਾਹੀਦੇ ਹਨ। ਇਨ੍ਹਾਂ ਨੂੰ ਬੇ-ਸੰਭਾਲੇ ਰੁਲਣ ਨਹੀਂ ਦੇਣਾ ਚਾਹੀਦਾ। ਜੇ ਅਸੀਂ ਇਨ੍ਹਾਂ ਨੂੰ ਰੋਲਿਆ ਤਾਂ ਇਹ ਸਾਨੂੰ ਰੋਲਣਗੇ।

ਪਿੰਡਾਂ ਵਿਚ ਅੱਜ ਤੋਂ ਕੋਈ ਚਾਲੀ ਕੁ ਸਾਲ ਪਹਿਲੇਂ ਤੱਕ ਤਕਰੀਬਨ ੬੦ ਫ਼ੀ ਸਦੀ ਹਿੰਦੂ ਅਤੇ ਮੁਸਲਮਾਨ ਮਰਦ ਸਿਰਾਂ ਉਤੇ ਪੱਗ ਬੰਨ੍ਹਿਆ ਕਰਦੇ ਸਨ। ਨੰਗਾ ਸਿਰ ਰੱਖਣ ਦਾ ਜਾਂ ਟੋਪੀ ਪਹਿਨਣ ਦਾ ਰਿਵਾਜ ਚੱਲੇ ਨੂੰ ਥੋੜੀ ਦੇਰ ਹੀ ਹੋਈ ਹੈ। ਗੁਰੂ ਸਾਹਿਬਾਂ ਦੇ ਵੇਲੇ ਤਾਂ ਤਕਰੀਬਨ ਸਾਰੇ ਦੇ ਸਾਰੇ ਮਰਦ ਦਸਤਾਰਾਂ ਪਹਿਨਦੇ ਹੋਣਗੇ। ਜੇ ਇਹੋ ਜਿਹੇ ਸਮੇਂ ਵਿਚ ਜਦੋਂ ਹਰ ਪਾਸੇ ਮਰਦਾਂ ਦੇ ਸਿਰਾਂ ਉਤੇ ਦਸਤਾਰਾਂ ਹੀ ਦਸਤਾਰਾਂ ਨਜ਼ਰ ਆਉਂਦੀਆਂ ਹੋਣ ਅਤੇ ਗੁਰੂ ਸਾਹਿਬਾਂ ਨੇ ਸਾਬਤ ਸੂਰਤਿ ਦੇ ਸੀਸ ਨੂੰ ਦਸਤਾਰ ਨਾਲ ਸ਼ਸ਼ੋਭਤ ਕਰਨ ਦਾ ਹੁਕਮ ਦਿੱਤਾ ਹੋਵੇ ਤਾਂ ਸਾਨੂੰ ਮੰਨਣਾ ਪਵੇਗਾ ਕਿ ਰੱਬੀ ਰਜ਼ਾ ਵਿੱਚ ਗੁਰ-ਦੀਖਿਅਤ ਸਾਬਤ ਸੂਰਤਾਂ ਦੇ ਸੀਸ ਉੱਤੇ ਸਦਤਾਰ ਸਜਾਉਣ ਦਾ ਹੁਕਮ ਦੇ ਕੇ, ਇਸਤ੍ਰੀਆਂ ਨੂੰ ਭੀ ਇਸ ਦਸਤਾਰੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਹੈ। ਮਰਦ ਤਾਂ ਸਾਰੇ ਵੈਸੇ ਹੀ ਦਸਤਾਰਾਂ ਬੰਨ੍ਹਦੇ ਸਨ। ਉਹਨਾਂ ਨੂੰ ਦਸਤਾਰ ਬੰਨ੍ਹਣ ਲਈ ਹੋਰ

ਕਹਿਣ ਦੀ ਕੀ ਲੋੜ ਸੀ ? ਇਹ ਹੁਕਮ ਗੁਰ-ਦੀਖਿਅਤ ਬੀਬੀਆਂ ਨੂੰ ਦਸਤਾਰੀ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਰੱਬੋਂ ਜਾਰੀ ਹੋਇਆ ਹੈ ਅਤੇ ਮਰਦਾਂ ਲਈ ਦੁਹਰਾਇਆ ਗਿਆ ਹੈ-ਦੋਹਾਂ ਲਈ ਸਾਂਝਾ ਹੈ।

ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਲਈ ਹੋਰ ਕਿਹੜੇ ਸਬੂਤ ਦੀ ਲੋੜ ਬਾਕੀ ਰਹਿ ਗਈ ਹੈ, ਜਿਸ ਦੀ ਕਿ ਅਸੀਂ ਇਤਿਹਾਸ ਵਿਚ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ ? ਜੇ ਸਾਨੂੰ ਗੁਰਬਾਣੀ ਵਿਚ ਦਰਸਾਏ ਉਪਦੇਸ਼ਾਂ ਉੱਤੇ ਵਿਸ਼ਵਾਸ ਨਹੀਂ ਤਾਂ ਇਤਿਹਾਸ ਕਿਸ ਦਾ ਪਾਣੀਹਾਰ ਹੈ ? ਬਾਣੀ ਤਾਂ ਪੂਰੇ ਗੁਰੂ ਨੇ ਆਪਣੀ ਨਿਗਰਾਨੀ ਹੇਠ ਲਿਖਵਾਈ ਹੈ ਅਤੇ ਇਤਿਹਾਸ ਅਲਪੱਗ ਜੀਵਾਂ ਨੇ ਲਿਖਿਆ ਹੈ। ਗੁਰੂ ਸਾਹਿਬਾਂ ਨੇ ਸਿੱਖਾਂ ਪ੍ਰਤੀ ਹੁਕਮ ਦਿੱਤਾ ਹੈ ਕਿ ਦਿਹਾੜੀ ਵਿਚ ਦੋ ਦਫਾ ਕੰਘਾ ਕਰੇ ਅਤੇ ਚੁਣ ਕੇ ਪੱਗ ਬੰਨ੍ਹੇ।

ਮਰਦ ਅਤੇ ਇਸਤ੍ਰੀਆਂ, ਲਿੰਗ ਭੇਦ ਕਰਕੇ ਸਾਨੂੰ ਦੋ ਸ਼੍ਰੇਣੀਆਂ ਵਿਚ ਵੰਡੇ ਨਜ਼ਰ ਆਉਂਦੇ ਹਨ। ਇਹ ਫ਼ਰਕ ਕੇਵਲ ਸੰਸਾਰੀ ਰਚਨਾ ਜਾਰੀ ਰੱਖਣ ਲਈ ਰੱਬ ਨੇ ਬਣਾਇਆ ਹੈ। ਅਸਲ ਵਿਚ ਅਸੀਂ ਸਾਰੀਆਂ ਹੀ ਇਕੋ ਸ਼੍ਰੇਣੀ ਦੀਆਂ, ਇੱਕੋਂ ਕੰਤ ਦੀਆਂ ਸਖੀਆਂ ਹਾਂ-

"ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ
ਜੋ ਭਾਵੈ ਪਿਰ ਸਾ ਭਲੀ।। "(੫੨੭)

ਸਾਰੀਆਂ ਹੀ ਉਸ ਕੰਤ ਨੂੰ ਮਿਲਣ ਦੀਆਂ ਚਾਹਵਾਨ ਹਾਂ ਤਾਹੀਓਂ ਹੀ ਸਤਿਗੁਰੂ ਜੀ ਨੇ ਗੁਰਸਿਖ ਸਖੀਆਂ ਲਈ ਇਕੋ ਹੀ ਰਹਿਤ ਦਾ ਹੁਕਮ ਦਿੱਤਾ ਹੈ-

ਸਾਬਤ ਸੂਰਤਿ ਦਸਤਾਰ ਸਿਰਾ।।

ਇਹ ਹੁਕਮ ਸਭ ਗੁਰਸਿਖ ਸਖੀਆਂ ਨੂੰ ਇਕੋ ਜਿਹਾ ਲਾਗੂ ਹੈ, ਤਾਂ ਫ਼ਰਕ ਫ਼ਰਕ ਰਹਿਤ ਕਿਸ ਵਾਸਤੇ ? ਸਾਡੇ ਕੰਤ ਨੂੰ ਸਭ ਸਖੀਆਂ ਦਾ ਇਕੋ ਜਿਹਾ ਹੀ ਰਹਿਤ-ਮਰਯਾਦਵੀ-ਬਾਣਾ ਭਾਉਂਦਾ ਹੈ ਅਤੇ ਅਸਾਂ ਸਖੀਆਂ ਲਈ ਹੁਕਮ ਹੈ ਕਿ

"ਹਰਿ ਭਾਵੈ ਤਿਤੁ ਰਾਹਿ ਚਲੀ।।"

ਹੋਰ ਹੁਣ ਸਾਨੂੰ ਕਿਸ ਗੱਲ ਦਾ ਇੰਤਜ਼ਾਰ ਹੈ। ਇਕੋ ਸ਼੍ਰੇਣੀ ਲਈ ਦੋ ਰਹਿਤਾਂ ਨਹੀਂ ਹੋ ਸਕਦੀਆਂ।

ਦਸਤਾਰ ਤੋਂ ਬਿਨਾਂ ਗੁਰੂ ਕੀ ਮੋਹਰ ਦੀ ਸੰਭਾਲ ਨਹੀਂ ਹੋ ਸਕਦੀ। ਨੰਗੇ ਸਿਰ ਘੱਟਾ, ਮਿੱਟੀ, ਧੂੰਆਂ ਅਤੇ ਹੋਰ ਭਸ-ਖੇਹ ਪੈਂਦੀ ਹੀ ਰਹੇਗੀ। ਜੂਠੇ ਮਿੱਠੇ ਹੱਥ ਭੀ ਲਗਦੇ ਰਹਿਣਗੇ। ਇਹ ਗੁਰੂ ਕੀ ਮੋਹਰ ਦੀ

ਬੇਅਦਬੀ ਹੈ। ਗੁਰੂ ਨੂੰ ਆਪਣੀ ਮੋਹਰ ਦੀ ਬੇ-ਅਦਬੀ ਨਹੀਂ ਭਾਉਂਦੀ। ਤਾਹੀਓਂ ਹੀ ਉਨ੍ਹਾਂ ਨੇ ਆਪਣੀ ਮੋਹਰ ਦੀ ਸੰਭਾਲ ਵਾਸਤੇ ਖ਼ਾਸ ਨਸੀਹਤ ਕੀਤੀ ਹੈ ਅਤੇ ਦੋ ਸੇਵਾਦਾਰ ਇਸ ਮੋਹਰ ਦੀ ਦੇਖ ਭਾਲ ਲਈ ਮੁਕੱਰਰ ਕਰ ਦਿੱਤੇ ਹਨ- ਕੰਘਾ ਅਤੇ ਦਸਤਾਰ। ਬਾਕੀ ਕਕਾਰਾਂ ਦੀ ਸੰਭਾਲ ਵਾਸਤੇ ਕੁਝ ਨਹੀਂ ਕਿਹਾ। ਉਨ੍ਹਾਂ ਬਾਰੇ ਕੇਵਲ ਪਹਿਰਨ ਦਾ ਹੀ ਹੁਕਮ ਦਿਤਾ ਹੈ। ਕੰਘਾ ਅਤੇ ਦਸਤਾਰ ਤੋਂ ਬਿਨਾਂ ਗੁਰੂ ਕੀ ਮੋਹਰ ਦੀ ਸੰਭਾਲ ਹੀ ਨਹੀਂ ਹੋ ਸਕਦੀ।

ਜੇ ਕੋਈ ਭੀ ਸਖੀ ਅੰਮ੍ਰਿਤ ਪਾਨ ਕਰਨ ਪਿੱਛੋਂ ਨੰਗੇ ਸਿਰ ਪਈ ਫਿਰੇ ਤਾਂ ਸਮਝ ਲਉ ਕਿ ਉਹ ਸਤਿਗੁਰਾਂ ਦੇ ਬਚਨ (ਹੁਕਮ) ਤੋਂ ਮੂੰਹ ਫੇਰ ਗਈ ਹੈ ਅਤੇ ਮਨ ਦੀ ਮਰਜ਼ੀ ਦੇ ਪਿੱਛੇ ਲਗ ਤੁਰੀ ਹੈ। ਇਸ ਦਾ ਨਤੀਜਾ ਕੀ ਹੋਵੇਗਾ -

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥

(ਗਉੜੀ ਬੈਰਾਗਣਿ ਮ: ੩, ਪੰਨਾ ੨੩੩)

ਇਸ ਵਿਚ ਕੋਈ ਸ਼ੰਕਾ ਨਹੀਂ ਰਹਿਆ ਕਿ ਅੰਮ੍ਰਿਤਧਾਰੀ ਪ੍ਰਾਣੀਆਂ ਲਈ ਦਸਤਾਰ ਦਾ ਸਜਾਉਣਾ ਅਤਿ ਜ਼ਰੂਰੀ ਹੈ। ਦਸਤਾਰ-ਸਜੀਲੀ ਪੱਕੀ ਰਹਿਤ-ਮਰਯਾਦਾ ਤਾਂ ਹੀ ਪੂਰੀ ਤਰ੍ਹਾਂ ਨਿਭ ਸਕਦੀ ਹੈ ਜੇ ਦਸਤਾਰ ਨੂੰ ਕੇਸਕੀ ਦੇ ਨਾਮ ਨਾਲ ਪੰਜਵਾਂ ਕਕਾਰ ਪ੍ਰਵਾਨ ਕਰ ਲਿਆ ਜਾਂਏ। ਕੇਸ ਤਾਂ ਗੁਰੂ ਦੀ ਮੋਹਰ ਹੈ ਹੀ। ਕੇਸਾਂ ਦੀ ਭੈ-ਭਾਵਨੀ ਵਾਲੀ ਵਾਲੀ ਗੁਰ-ਦਰਸਾਈ ਸੰਭਾਲ ਦੀ ਲੋੜ ਹੈ। ਕੇਸਾਂ ਨੂੰ ਗੁਰੂ ਕੀ ਮੋਹਰ ਹੀ ਸਮਝੀਏ, ਕਕਾਰ ਨਾ ਸਮਝੀਏ। ਕਕਾਰ ਸਮਝੀਏ ਕੇਸਕੀ (ਦਸਤਾਰ) ਨੂੰ, ਜਿਸ ਨੇ ਮੋਹਰ ਦੀ ਅਦਬ-ਭਰੀ ਸੰਭਾਲ ਕਰਨੀ ਹੈ। ਕੇਸਕੀ ਤੋਂ ਬਿਨਾਂ ਮੋਹਰ ਰੁਲ ਜਾਏਗੀ ਅਤੇ ਮੋਹਰ ਵਾਲੇ ਦੀਆਂ ਖ਼ੁਸ਼ੀਆਂ ਪ੍ਰਾਪਤ ਨਹੀਂ ਹੋਣਗੀਆਂ।

ਜਿਵੇਂ ਸਰਕਾਰੀ ਦਫ਼ਤਰਾਂ ਵਿਚ ਸਰਕਾਰੀ ਮੋਹਰ ਦੀ ਰਸਾਈ ਹੈ ਤਿਵੇਂ ਹੀ ਰੱਬੀ ਦਰਗਾਹ ਵਿਚ ਗੁਰੂ ਕੀ ਮੋਹਰ ਨੂੰ ਪ੍ਰਵਾਨਗੀ ਹੈ। ਇਹ ਧੁਰ ਕੀ ਛਾਪ ਹੈ। ਤਾਂ ਤੇ ਕੇਸਾਂ ਨੂੰ ਕਕਾਰਾਂ ਦੀ ਸ਼੍ਰੇਣੀ ਤੋਂ ਇਕ ਵਿਲਖਣ ਦਰਜੇ ਉੱਤੇ ਪਰਵਾਨਿਆ ਜਾਣਾ ਚਾਹੀਦਾ ਹੈ। ਅਤੇ ਕੇਸਕੀ ਨੂੰ, ਜੋ ਇਸ ਇਲਾਹੀ ਮੋਹਰ ਦੀ ਸੰਭਾਲ ਕਰਦੀ ਹੈ, ਪੰਜਵਾਂ ਕਕਾਰ ਗਰਦਾਨਿਆਂ ਜਾਣਾ ਲਾਜ਼ਮੀ ਹੈ। ਪੁਰਾਤਨ ਮਰਯਾਦਾ ਭੀ ਐਸੀ ਹੀ ਪ੍ਰਤੀਤ ਹੁੰਦੀ ਹੈ।

ਅੰਮ੍ਰਿਤ ਛਕਣ ਸਮੇਂ ਜਦ ਆਪਣਾ ਸੀਸ ਹੀ ਗੁਰੂ ਨੂੰ ਭੇਟ ਕਰ

ਦਿਤਾ ਤਾਂ ਗੁਰੂ ਦੀ ਜੇ ਮਰਜ਼ੀ ਹੈ, ਇਸ ਸੀਸ ਨੂੰ ਕਰੇ। ਸਾਨੂੰ ਇਸ ਬਾਰੇ ਕੋਈ ਉਜ਼ਰ ਕਿਉਂ ਹੋਏ ? ਜਦ ਸੀਸ ਹੀ ਆਪਣਾ ਨਹੀਂ, ਗੁਰੂ ਕਾ ਹੈ, ਤਾਂ ਗੁਰ-ਆਸ਼ੇ ਅਨੁਸਾਰ ਇਸ ਸੀਸ ਉੱਤੇ ਕੇਸਕੀ ਸਜਾਉਣ ਦੀ ਸਾਨੂੰ ਕਾਹਦੀ ਹਿਚਕਚਾਹਟ ਹੈ ?ਜੇ ਹਿਚਕਚਾਹਟ ਹੈ ਤਾਂ ਪੱਥਰ ਤੇ ਲੀਕ ਸਮਝੋ ਕਿ ਅਸੀਂ ਅੰਮ੍ਰਿਤ ਛਕਣ ਵੇਲੇ ਗੁਰੂ ਨੂੰ ਆਪਣਾ ਸੀਸ ਭੇਟ ਨਹੀਂ ਕੀਤਾ। ਉਸ ਵੇਲੇ ਸੀਸ ਭੇਟ ਕਰਨ ਦਾ ਝੂਠ ਬੋਲਿਆ ਹੈ।

ਵਾਧ ਘਾਟ ਵੱਲੋਂ ਸੰਗਤ ਪਾਸੋਂ ਖ਼ਿਮਾ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ।।

('ਸੂਰਾ' ਸਤੰਬਰ ੧੯੭੬)

# ਕੇਸਕੀ (ਦਸਤਾਰ)
# ਖ਼ਾਲਸਾ ਰਹਿਤ

ਦਸਤਾਰ (ਕੇਸਕੀ) ਖ਼ਾਲਸਾ ਰਹਿਤ-ਰਵਾਇਤ ਦਾ ਮਹੱਤਵ ਪੂਰਨ ਤੇ ਅਨਿਖੜਵਾਂ ਅੰਗ ਹੈ :-

(ੳ) ਸਾਰੇ ਗੁਰੂ ਸਾਹਿਬਾਨ ਕੇਸਾਧਾਰੀ ਅਤੇ ਦਸਤਾਰ-ਧਾਰੀ ਹੋਏ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਸਿਖਾਂ ਲਈ ਕੇਸਾਧਾਰੀ ਅਤੇ ਦਸਤਾਰ-ਧਾਰੀ ਹੋਣ ਦਾ ਅਮਲੀ ਰੂਪ ਵਿਚ ਪੂਰਨਾ ਪਾਇਆ।

(ਅ) ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਵਲੋਂ (ਗੁਰੂ) ਅਮਰਦਾਸ ਜੀ ਨੂੰ, ਉਹਨਾਂ ਦੀ ਅਤੁੱਟ ਸੇਵਾ ਤੋਂ ਪ੍ਰਸੰਨ ਹੋ ਕੇ ਜੋ "ਸਿਰੋਪਾਉ" ਸਮੇਂ ਸਮੇਂ ਬਖਸ਼ਿਆ ਜਾਂਦਾ ਰਿਹਾ, ਉਹ ਦਸਤਾਰ ਹੀ ਸੀ। ਅਜ ਵੀ ਤਖ਼ਤ ਸਾਹਿਬਾਂ ਅਤੇ ਹੋਰ ਇਤਿਹਾਸਕ ਗੁਰਦਵਾਰਿਆਂ ਤੋਂ ਸਿਰੋਪਾਉ ਵਜੋਂ ਦਸਤਾਰ ਦੀ ਬਖ਼ਸ਼ਸ਼ ਕੀਤੇ ਜਾਣ ਦੀ ਹੀ ਪ੍ਰਥਾ ਹੈ।

(ੲ) ਪੰਜਵੇਂ ਜਾਮੇ ਵਿਚ "ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ" * ਦਾ ਉਪੰਦੇਸ਼ ਗੁਰਬਾਣੀ ਵਿਚ ਅੰਕਿਤ ਕੀਤੇ ਜਾਣ ਨਾਲ ਸਾਰੇ ਗੁਰਸਿਖਾਂ (ਪੁਰਸ਼ ਅਤੇ ਇਸਤ੍ਰੀ) ਲਈ ਸਾਬਤ ਸੂਰਤਿ, ਭਾਵ ਕੇਸਾਧਾਰੀ ਅਤੇ ਦਸਤਾਰ-ਧਾਰੀ ਹੋਣਾ ਹੁਕਮਨ ਲਾਜ਼ਮੀ ਹੋ ਗਿਆ।

(ਸ) ਮਾਤਾ ਭਾਗ ਕੌਰ ਜੀ ਬਾਰੇ ਇਤਿਹਾਸ ਵਿਚ ਆਉਂਦਾ ਹੈ ਕਿ ਉਹ ਪਰਮ-ਹੰਸ (ਬ੍ਰਹਮ ਗਿਆਨੀ) ਦੀ ਅੰਵਸਥਾ ਨੂੰ ਪ੍ਰਾਪਤ ਹੋ ਕੇ ਨਗਨ ਵਿਚਰਨ ਲਗੇ। ਕਲਗੀਧਰ ਪਾਤਸ਼ਾਹ ਪਾਸ ਇਹ ਖ਼ਬਰ ਪੁਜੀ ਤਾਂ ਉਹਨਾਂ ਨੇ ਜੋ ਬਚਨ ਮਾਤਾ ਭਾਗ ਕੌਰ ਜੀ ਪ੍ਰਤੀ ਕਹੇ, ਉਹ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਅੰਕਿਤ ਹਨ :-

ਗੁਰਵੀ ਸਾਂਗ ਹਾਥ ਮਹਿ ਧਰੈ। ਸਦਾ ਆਨੰਦ ਏਕ ਰਸ ਥਿਰੈ।।
ਕੇਤਕ ਮਾਸ ਨਗਨ ਜਬ ਰਹੀ।। ਇਕ ਦਿਨ ਦੇਖ ਨਿਕਟ ਗੁਰ ਕਹੀ।।
ਸੁਨ ਮਾਈ ਭਾਗ ਕੌਰ ਸਚਿਆਰੀ।। ਕੁਲ ਨੈਨਹਿ ਸੁਸਰਾਹਿ ਉਬਾਰੀ।।
ਪਰਮ-ਹੰਸ ਅਵਸਥਾ ਪਾਈ।। ਕੁਝ ਕੇ ਦੇਸ ਨ ਲਾਗੈ ਕਦਾਈ।।

ਗਹਿਨ ਦਿਗੰਬਰ ਤੁਝੁ ਬਨਿ ਆਈ।। ਇਕ ਰਸ ਬਿਰਤੀ ਭਈ ਲਿਵ ਲਾਈ।।
ਤਨ ਹੰਤਾ ਸਭ ਰਿਦੈ ਬਿਨਾਸੀ।। ਪਾਇਓ ਪਰਮ ਰੂਪ ਅਬਿਨਾਸੀ।।
ਤਊ ਸੰਗ ਤ ਰਹਿਤ ਹਮਾਰੇ।। ਪਹਿਰਿ ਕਾਛ ਲਘੁ ਸਿਰ ਦਸਤਾਰੇ।।

(ਰੁਤਿ ੬, ਅੰਸੂ ੨੨, ਜਿਲਦ ੧੪, ਪੰਨਾ ੬੦੯੮)

ਇਸ ਤੋਂ ਇਹ ਤੱਥ ਪ੍ਰਮਾਣਿਤ ਹੁੰਦਾ ਹੈ ਕਿ ਨੰਗੇਜ ਢੱਕਣ ਲਈ ਜਿੰਨਾ ਕਛਹਿਰਾ ਜ਼ਰੂਰੀ ਹੈ ਓਨੀ ਹੀ ਗੁਰੂ ਕੀ ਮੋਹਰ ਸਿਰ ਦੇ ਕੇਸਾਂ ਨੂੰ ਢੱਕਣ ਅਤੇ ਸੰਭਾਲਣ ਲਈ ਜ਼ਰੂਰੀ ਹੈ। ਅਤੇ ਕੀ ਪੁਰਸ਼ ਤੇ ਕੀ ਇਸਤ੍ਰੀ ਸਾਰੇ ਸਿੱਖਾਂ ਲਈ ਦਸਤਾਰ ਸਜਾਉਣ ਦਾ ਲਾਜ਼ਮੀ ਹੁਕਮ ਹੈ।

(ਹ) ਰਹਿਤਨਾਮਿਆਂ ਵਿਚ ਜਿਥੇ ਨੰਗੇ ਸਿਰ ਵਿਚਰਨ ਵਿਰੁਧ ਉਪਦੇਸ਼ ਅੰਕਤ ਹਨ ਓਥੇ ਦਸਤਾਰ (ਕੇਸਕੀ) ਨੂੰ ਰਹਿਤ ਕਰਕੇ ਵੀ ਦ੍ਰਿੜ੍ਹਾਇਆ ਹੋਇਆ ਹੈ :-

ਅੰਮ੍ਰਿਤ ਛਕਨੇ ਵਾਲੇ ਨੂੰ ਪਹਿਲੇ ਕਛ ਪਹਿਰਾਨੀ,
ਕੇਸ ਇਕੱਠੇ ਕਰ ਜੂੜਾ ਦਸਤਾਰ ਸਜਾਵਨੀ,
ਗਾਤ੍ਰੇ ਸ੍ਰੀ ਸਾਹਿਬ ਹਾਥ ਜੋੜ ਖੜਾ ਰਹੈ।।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਜੂੜਾ ਸੀਸ ਕੇ ਮਧ ਭਾਗ ਮੈਂ ਰਾਖੇ, ਔਰ ਪਾਗ
ਬੜੀ ਬਾਂਧੇ, ਕੇਸ ਢਾਂਪ ਰਖੇ, ਕੰਘਾ ਦ੍ਵੈ ਕਾਲ
ਕਰੈ, ਪਾਗ ਚੁਨ ਕਰ ਬਾਧੇ।।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਇਸਤ੍ਰੀਓਂ ਕਾ ਸੀਸ ਜੂੜੇ ਵਤ ਕਰਾਵੇ,
ਲੰਬਾ ਨ ਕਰਾਵੈ।। (ਰਹਿਤਨਾਮਾ ਭਾਈ ਦਯਾ ਸਿੰਘ ਜੀ)

ਪੁਨ ਸਤਿਗੁਰ ਉਨ ਸਿਛਯਾ ਦਈ।।
ਮੀਣੇ ਮਸੰਦਨ ਬਰਤਯੋ ਨਹੀ।।
ਕੁੜੀਮਾਰ ਰਮਰਈ ਨੜੀਮਾਰ।।
ਜੋ ਇਨ ਮਿਲੇ ਸੋ ਹੋਇ ਖੁਆਰ।।
ਜਥਾ ਸਕਤ ਗੁਰ ਗੋਲਕ ਪਾਯੋ।।
ਕੜਾਹ ਕਰਾਇ ਖਾਲਸੇ ਛਕਾਯੋ।।
ਪਹਿਰ ਕਛਹਿਰੇ ਸਿਰ ਬੰਧਯੋ ਪਾਗ।।
ਗੁਰ ਗ੍ਰੰਥ ਬਚਨ ਪਰ ਰਹਯੋ ਲਾਗ।।

(ਗੁਰ ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਜੀ ਭੰਗੂ)

ਦੁਇ ਵੇਲੇ ਉਠ ਬੰਧਯੋ ਦਸਤਾਰੰ।।
ਪਹਰ ਆਠ ਰਖਯੋ ਸੰਭਾਰੰ।।

(ਗੁਰ ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਜੀ ਭੰਗੂ)

ਜੋ ਅੰਮ੍ਰਿਤ ਛਕਿਆ ਚਾਹੈ, ਕੱਛ ਪਹਿਰਾਵੈ।।
ਕੇਸ ਇਕੱਠੇ ਕਰਿ ਜੂੜਾ ਕਰੇ, ਦਸਤਾਰ ਸਜਾਵੈ।।

(ਸੁਧਰਮ ਮਾਰਗ ਗ੍ਰੰਥ)

ਪਾਗ ਉਤਾਰਿ ਪ੍ਰਸਾਦ ਜੋ ਪਾਵੈ।। ਸੋ ਸਿਖ ਕੁੰਭੀ ਨਰਕ ਸਿਧਾਵੈ।।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ)

ਕੰਘਾ ਦੋਨੋਂ ਵਕਤ ਕਰ, ਪਾਗ ਚੁਨੇ ਕਰ ਬਾਂਧਈ।।
ਦਾਤਨ ਨੀਤ ਕਰੇਇ, ਨ ਦੁਖ ਪਾਵੈ ਲਾਲ ਜੀ।।

(ਤਨਖਾਹਨਾਮਾ ਭਾਈ ਨੰਦ ਲਾਲ ਜੀ)

ਪ੍ਰਾਤ ਇਸਨਾਨ ਜਤਨ ਸੋ ਸਾਧੇ।।
ਕੰਘਾ ਕਰਦ ਦਸਤਾਰਹਿ ਬਾਧੇ।।

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

(ਕ) ਜਿਥੇ ਬਾਕੀ ਬੇਦ-ਕਤੇਬੀ ਮਤਾਂ ਵਿਚ ਇਸਤ੍ਰੀ ਨੂੰ ਦੀਖਿਅਤ ਕੀਤੇ ਜਾਣ ਦੀ ਕੋਈ ਪ੍ਰਥਾ ਨਹੀਂ, ਓਥੇ ਸਤਿਗੁਰਾਂ ਨੇ ਇਸਤ੍ਰੀ ਨੂੰ ਖੰਡੇ ਦੀ ਪਾਹੁਲ ਦੁਆਰਾ ਗੁਰ-ਦੀਖਿਆ ਪ੍ਰਾਪਤ ਕਰਨ ਦਾ ਬਰਾਬਰ ਅਧਿਕਾਰ ਦੇ ਕੇ ਸੰਸਾਰ ਦੇ ਧਾਰਮਕ ਇਤਿਹਾਸ ਵਿਚ ਨਵਾਂ ਪੂਰਨਾ ਪਾਇਆ।

ਕੀ ਪੁਰਸ਼ ਅਤੇ ਕੀ ਇਸਤ੍ਰੀ, ਖੰਡੇ ਦੀ ਪਾਹੁਲ ਛਕਣ, ਅਥਵਾ ਗੁਰ ਦੀਖਿਅਤ ਹੋਣ ਮਗਰੋਂ ਸਭ ਖਾਲਸਾ ਹੋ ਜਾਂਦੇ ਹਨ। ਪੁਰਸ਼ ਅਤੇ ਇਸਤ੍ਰੀ ਦੋਹਾਂ ਲਈ 'ਖ਼ਾਲਸਾ' ਸਾਂਝਾ ਲਕਬ ਹੈ। ਏਸੇ ਤਰ੍ਹਾਂ "ਖ਼ਾਲਸਾ ਰਹਿਤ" ਵੀ ਪੁਰਸ਼ ਅਤੇ ਇਸਤ੍ਰੀ ਦੋਹਾਂ ਲਈ ਸਾਂਝੀ ਅਤੇ ਇਕ-ਸਾਰ ਹੈ। ਖ਼ਾਲਸਾ ਰਹਿਤ ਦੇ ਬਾਕੀ ਬਾਹਰਮੁਖੀ ਚਿੰਨ੍ਹਾਂ ਵਾਂਗ ਦਸਤਾਰ ਵੀ ਪ੍ਰਮੁਖ ਚਿੰਨ੍ਹ ਹੈ, ਜਿਸ ਤੋਂ ਖ਼ਾਲਸੇ ਦੀ ਬਾਕੀ ਮਤਾਂ ਦੇ ਅਨੁਆਈਆਂ ਵਿਚੋਂ ਸਪੱਸ਼ਟ ਪਛਾਣ ਹੋ ਸਕਦੀ ਹੈ।

(ਖ) ਦੋਹਰੀ ਦਸਤਾਰ ਸਜਾਉਣ ਦੀ ਪ੍ਰਥਾ ਵੀ ਇਸ ਗੱਲ ਨੂੰ ਮੁਖ ਰੱਖ ਕੇ ਚਲੀ ਕਿ ਗੁਰੂ ਕੀ ਮੋਹਰ ਅਥਵਾ ਕੇਸ ਕਿਸੇ

ਸਮੇਂ ਨੰਗੇ ਨਾ ਰਹਿਣ। ਇਥੇ ਇਹ ਗੱਲ ਖ਼ਾਸ ਤੌਰ ਤੇ ਵਰਨਣ ਕਰਨੀ ਮਹੱਤਤਾ ਰਖਦੀ ਹੈ ਕਿ ਖ਼ਾਲਸਾ ਫ਼ੌਜਾਂ ਦੀ ਬਹਾਦਰੀ ਦੀ ਧਾਕ ਮੰਨ ਕੇ ਜਦੋਂ ਅੰਗਰੇਜ਼ਾਂ ਨੇ ਸਿੰਘਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰਨਾ ਸ਼ੁਰੂ ਕੀਤਾ ਤਾਂ ਉਹਨਾਂ ਦੀ ਖ਼ਾਲਸਈ ਸਪਿਰਟ ਨੂੰ ਕਾਇਮ ਰੱਖਣ ਲਈ ਜੋ ਵਰਦੀ (clothing scale) ਉਨ੍ਹਾਂ ਲਈ ਨਿਸਚਿਤ ਕੀਤੀ, ਉਸਨੂੰ ਖ਼ਾਲਸਾ ਰਵਾਇਤ ਮੁਤਾਬਿਕ ਹੀ ਰਖਿਆ ਗਿਆ ਅਤੇ ਇਸ ਵਿਚ ਦੋਹਰੀ ਦਸਤਾਰ ਸ਼ਾਮਲ ਕੀਤੀ ਗਈ। ਉਦੋਂ ਦੀ ਪ੍ਰਚਲਤ ਕੀਤੀ ਹੋਈ ਇਹ ਦੂਹਰੀ ਦਸਤਾਰ ਵਰਦੀ ਵਿਚ ਅਜੇ ਵੀ ਉਵੇਂ ਹੀ ਚਲਦੀ ਆ ਰਹੀ ਹੈ।

(ਗ) ਰਹਿਤਨਾਮੇ ਵਿਚ ਦਿਤੀ, ਹਦਾਇਤ ਮੁਜਬ ਭੈ-ਭਾਵਨੀ ਵਾਲੇ ਸਿੰਘ ਸਿੰਘਣੀਆਂ ਦਸਤਾਰ ਨੂੰ 'ਚੁਣ' ਕੇ ਬਨ੍ਹਦੇ ਹਨ ਅਤੇ ਉਤਾਰਨ ਲਗਿਆਂ ਇਕ ਇਕ ਲੜ ਕਰਕੇ ਉਤਾਰਦੇ ਹਨ । ਬਾਕੀ ਗੁਰਮੁਖੀ ਚਿੰਨ੍ਹਾਂ ਵਾਂਗ ਦਸਤਾਰ ਨੂੰ ਪੈਰ ਲਾਣ ਨਾਲ ਸਿੰਘ ਤਨਖਾਹੀਆ ਹੋ ਜਾਂਦਾ ਹੈ।

(ਘ) ਪੁਰਾਤਨ ਖ਼ਾਲਸਾ ਬੀਬੀਆਂ ਸਾਰੀਆਂ ਦਸਤਾਰ-ਧਾਰੀ ਸਨ ਅਤੇ ਗੁਰ-ਹੁਕਮਾਂ ਅਨੁਸਾਰ ਕੇਸਾਂ ਦਾ ਜੂੜਾ ਦਸਮ ਦੁਆਰ ਤੇ ਕਰਦੀਆਂ ਸਨ । ਇਸ ਸਚਾਈ ਦੀ ਸਾਖ, ਪ੍ਰਸਿਧ ਅੰਗਰੇਜ਼ ਇਤਿਹਾਸਕਾਰ ਮਿਸਟਰ ਕਨਿੰਘਮ ਨੇ ਆਪਣੀ ਪੁਸਤਕ 'ਸਿਖ ਇਤਿਹਾਸ' (History of the Sikhs-1849) ਵਿਚ ਅੱਖੀਂ ਡਿਠੇ ਹਾਲਾਤ ਦੇ ਆਧਾਰ ਤੇ,ਹੇਠ ਲਿਖੇ ਸ਼ਬਦਾਂ ਦੁਆਰਾ ਭਰੀ ਹੈ :-

"The Sikh women are distinguished from Hindus of their sex by some variety of dress, chiefly by a higher top knot of hair"

ਸਿਖ ਇਸਤ੍ਰੀਆਂ ਹਿੰਦੂ ਇਸਤ੍ਰੀਆਂ ਨਾਲੋਂ ਆਪਣੇ ਪਹਿਰਾਵੇ ਅਤੇ ਖ਼ਾਸ ਕਰ ਕੇ ਦਸਮ ਦੁਆਰ ਉਤੇ ਕੇਸਾਂ ਦੇ ਜੂੜੇ ਕਰਕੇ ਵਿਲੱਖਣਤਾ ਰਖਦੀਆਂ ਹਨ ।

(ਙ) ਕੇਵਲ ਦਸਤਾਰ-ਧਾਰੀ ਖਾਲਸਾ ਹੀ "ਕੰਘਾ ਦੋਨੋਂ ਵਕਤ ਕਰ ਪਾਗ ਚੁਨੇ ਕਰਿ ਬਾਂਧਈ " ਰਹਿਤ ਦੀ ਪਾਲਨਾ ਕਰ ਸਕਦਾ ਹੈ । ਇਹ ਰਹਿਤ ਸਰਬੱਤ ਖ਼ਾਲਸੇ (ਪੁਰਸ਼ ਅਤੇ

ਇਸਤ੍ਰੀਆਂ) ਲਈ ਹੈ, ਨਾ ਕਿ ਇਕੱਲੇ ਸਿੰਘਾਂ ਲਈ ।

(ਚ) ਅੰਗਰੇਜ਼ਾਂ ਦੇ ਸਮੇਂ ਸਿੱਖੀ ਮੰਡਲਾਂ ਵਿਚ ਵੀ ਦਸਤਾਰ (ਕੇਸਕੀ) ਖ਼ਾਲਸਾ ਰਹਿਤ ਮਰਯਾਦਾ ਦਾ ਅੰਗ ਮੰਨੀ ਜਾਂਦੀ ਰਹੀ। ਖ਼ਾਲਸਾ ਵਿਦਿਅਕ ਸੰਸਥਾਵਾਂ ਵਿਚ, ਜਿਵੇਂ ਖ਼ਾਲਸਾ ਭੁਝੰਗਣ ਸਕੂਲ ਕੈਰੋਂ, ਖਾਲਸਾ ਕੰਨਿਆ ਵਿਦਿਆਲਾ ਜਸਪਾਲੋਂ, ਵਿਦਿਆ ਭੰਡਾਰ ਪੰਚ ਪੰਡ (ਭਸੌੜ), ਆਦਿ ਵਿਚ ਅਧਿਆਪਕ ਤੇ ਵਿਦਿਆਰਥੀ ਖ਼ਾਲਸਾ ਬੀਬੀਆਂ ਸਭ ਦਸਤਾਰ-ਧਾਰੀ ਸਨ।

(ਛ) ਸੈਂਟਰਲ ਖ਼ਾਲਸਾ ਮਾਝਾ ਦੀਵਾਨ ਅਤੇ ਗੜ੍ਹਗੱਜ ਅਕਾਲੀ ਦੀਵਾਨ, ਜਿਨ੍ਹਾਂ ਨੇ ਅਕਾਲੀ ਲਹਿਰ ਦੇ ਰੂਪ ਵਿਚ ਗੁਰਦੁਆਰਾ ਸੁਧਾਰ ਲਹਿਰ ਨੂੰ ਜਨਮ ਦਿੱਤਾ, ਦੇ ਕਾਰਕੁਨ ਸਾਰੇ ਪਰਵਾਰਾਂ ਸਮੇਤ ਸਭ ਦਸਤਾਰ (ਕੇਸਕੀ) ਦੀ ਰਹਿਤ ਦੇ ਧਾਰਨੀ ਸਨ।

(ਜ) ਕਾਫ਼ੀ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਵੀ ਅੰਮ੍ਰਿਤ ਛਕਾਉਣ ਸਮੇਂ ਦਸਤਾਰ (ਕੇਸਕੀ) ਦੀ ਰਹਿਤ ਸਾਰੇ ਅੰਮ੍ਰਿਤ ਅਭਿਲਾਖੀਆਂ (ਸਿੰਘ ਸਿੰਘਣੀਆਂ) ਨੂੰ ਦ੍ਰਿੜ ਕਰਾਈ ਜਾਂਦੀ ਰਹੀ। ਮਗਰੋਂ ਪ੍ਰਬੰਧਕਾਂ ਦੀ ਨਿਜੀ ਢਿਲਿਆਈ ਕਾਰਨ ਇਹ ਗੁਰਮਤਿ ਰੀਤ ਢਿਲੀ ਪੈਂਦੀ ਪੈਂਦੀ ਬਿਲਕੁਲ ਅਲੋਪ ਹੋ ਗਈ।

ਉਪਰੋਕਤ ਤੱਥਾਂ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਦਸਤਾਰ ਦੀ ਰਹਿਤ ਓਨੀ ਹੀ ਪੁਰਾਣੀ ਹੈ ਜਿੰਨਾ ਪੁਰਾਣਾ ਸਿੱਖ ਧਰਮ ਹੈ। ਇਹ ਰਹਿਤ ਸਰਬੱਤ ਖ਼ਾਲਸੇ ਲਈ ਹੈ ਸਮੇਤ ਬੀਬੀਆਂ ਦੇ, ਨਾ ਕਿ ਕੇਵਲ ਸਿੰਘਾਂ ਲਈ। ਇਹ ਪ੍ਰਚਾਰ ਕਿ ਇਹ ਰਹਿਤ ਭਾਈ ਰਣਧੀਰ ਸਿੰਘ ਜੀ ਨੇ ਚਲਾਈ ਹੈ, ਕਹਿਣ ਵਾਲਿਆਂ ਦੀ ਲਾ-ਇਲਮੀ ਅਤੇ ਕੋਰੇ ਝੂਠ ਦਾ ਸਬੂਤ ਹੈ।

ਦਸਤਾਰ (ਕੇਸਕੀ) ਰਹਿਤ ਦਾ ਤਿਆਗ ਕਿਉਂ ?

ਸਵਾਲ ਉਠਦਾ ਹੈ ਕਿ ਜੇ ਦਸਤਾਰ (ਕੇਸਕੀ) ਖ਼ਾਲਸਾ ਰਹਿਤ ਰਵਾਇਤ ਦਾ ਪ੍ਰਮੁਖ ਅੰਗ ਹੈ ਤਾਂ ਇਹ ਅਲੋਪ ਕਿਉਂ ਹੋ ਗਈ ?

ਅਠਾਰ੍ਹਵੀਂ ਸਦੀ ਦੇ ਅਰੰਭ ਵਿਚ ਲਾਹੌਰ ਦੇ ਹਾਕਮਾਂ ਨੇ ਸਿਖਾਂ ਨੂੰ ਸਫ਼ਾ-ਹਸਤੀ ਤੋਂ ਮਿਟਾ ਦੇਣ ਦਾ ਪਲਾਨ ਬਣਾਇਆ। ਸਰਕਾਰੀ ਫ਼ੁਰਮਾਨ ਜਾਰੀ ਕੀਤਾ ਗਿਆ ਕਿ ਜਿਥੇ ਕਿਧਰੇ ਸਿਖ ਦਿਸੇ, ਕਤਲ ਕਰ ਦਿਤਾ

ਜਾਵੇ। ਇਸ ਸਕੀਮ ਨੂੰ ਕਾਮਯਾਬ ਕਰਨ ਲਈ ਤੇ ਲੋਕਾਂ ਨੂੰ ਸਿਖਾਂ ਦੇ ਕਤਲ ਲਈ ਉਤਸ਼ਾਹਤ ਕਰਨ ਲਈ, ਉਹਨਾਂ ਨੂੰ ਲਾਲਚ ਦਿਤਾ ਗਿਆ। ਇਹ ਐਲਾਨ ਕੀਤਾ ਗਿਆ ਕਿ ਸਿਖ ਨੂੰ ਮਾਰ ਕੇ ਉਸ ਦਾ ਸਿਰ ਸ਼ਾਹੀ ਦਰਬਾਰ ਵਿਚ ਪੇਸ਼ ਕਰਨ ਵਾਲੇ ਵਿਅਕਤੀ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ੮੦ ਰੁਪਏ ਪ੍ਰਤੀ ਸਿਰ ਦਿਤੇ ਜਾਣਗੇ।

## ਮੁਸੀਬਤ ਸਮੇਂ ਵੀ ਖ਼ਾਲਸਾ ਚੜ੍ਹਦੀ ਕਲਾ ਵਿਚ -

ਸ਼ਾਹੀ ਐਲਾਨ ਬਹਾਦਰਸ਼ਾਹ ਦੇ ਦਰਬਾਰ ਦੇ ਰੋਜ਼ਨਾਮਚੇ ਅਨੁਸਾਰ ਸਿਖਾਂ ਦਾ ਸਮੁਚੇ ਤੌਰ ਉਤੇ ਕਤਲਿ-ਆਮ

੧੦ ਦਸੰਬਰ (੨੯ ਸ਼ੱਵਾਲ) ਸੰਨ ੧੭੧੦ ਨੂੰ ਬਾਦਸ਼ਾਹ ਨੇ ਬਖਸ਼ੀ-ਉਲ-ਮਲਕ ਮਹਾਬਤ ਖ਼ਾਨ ਨੂੰ ਕਿਹਾ ਕਿ ਸ਼ਾਹ ਜਹਾਨਾਬਾਦ ਦੇ ਆਲੇ ਦੁਆਲੇ ਦੇ ਫ਼ੌਜਦਾਰਾਂ ਨੂੰ ਸ਼ਾਹੀ ਹੁਕਮ ਲਿਖ ਦੇਵੇ ਕਿ ਨਾਨਕ ਪੂਜ (ਤਮਾਮ ਬੁੱਢੀ ਬੱਚਾ ਤੇ ਜਵਾਨ ਅਤੇ ਬੁੱਢੇ- ਜੋ ਵੀ ਸਿਖ ਰੂਪ ਵਿਚ ਹੋਵੇ ਜਿਥੇ ਕਿਧਰੇ ਭੀ ਮਿਲ ਜਾਣ, ਕਤਲ ਕਰ ਦਿਤੇ ਜਾਣ।"

(ਨੋਟ :- ਸਿੱਖਾਂ ਦੀ ਸਮੁੱਚੀ ਕਤਲਾਮ ਦਾ ਸਭ ਤੋਂ ਪਹਿਲਾ ਫੁਰਮਾਨਿ-ਸ਼ਾਹੀ ਇਹੋ ਹੈ)।

(ਡਾ: ਗੰਡਾ ਸਿੰਘ ਜੀ - ਬੰਦਾ ਸਿੰਘ ਜੀ ਬਹਾਦੁਰ-ਸਫਾ ੧੦੫)

ਸ਼ਾਹੀ ਫੁਰਮਾਨ ਦੀ ਤਾਮੀਲ ਵਿਚ ਹਜ਼ਾਰਾਂ ਬੇਗੁਨਾਹ ਬੱਚੇ ਬੱਚੀਆਂ, ਜਵਾਨ ਅਤੇ ਬੁੱਢੇ ਬੁੱਢੀਆਂ ਸਭ ਤੇਗ ਦੀ ਧਾਰ ਤੋਂ ਪਾਰ ਲੰਘਾ ਦਿੱਤੇ ਗਏ। ਜਿਨ੍ਹਾਂ ਦਇਆਵਾਨ ਹਿੰਦੂ ਮੁਸਲਮਾਨਾਂ ਨੇ ਕਿਸੇ ਟੱਬਰ ਕਬੀਲੇ ਨੂੰ ਚੋਰੀ ਛਿਪੇ ਪਨਾਹ ਦਿੱਤੀ ਤੇ ਮੁਖ਼ਬਰਾਂ ਨੂੰ ਪਤਾ ਲਗ ਗਿਆ, ਤਾਂ ਇਨ੍ਹਾਂ ਲੋਕਾਂ ਤੇ ਵੀ ਕਹਿਰ ਟੁੱਟ ਪਿਆ।

ਜਦ ਬੰਦਾ ਸਿੰਘ ਬਹਾਦਰ ਵਲੋਂ ਸਥਾਪਤ ਕੀਤਾ ਪਹਿਲਾ ਰਾਜ ੧੦, ੧੧ ਮਹੀਨੇ ਚਲਣ ਪਿਛੋਂ ਖ਼ਤਮ ਹੋ ਗਿਆ ਅਤੇ ਸਰਹੰਦ ਅਤੇ ਲੋਹਗੜ੍ਹ ਸਿੰਘਾਂ ਪਾਸੋਂ ਖੁਸ ਗਏ ਤਾਂ ਸਿਖਾਂ ਉੱਤੇ ਜ਼ਬਰਦਸਤ ਜ਼ੁਲਮ ਦਾ ਦੌਰ ਸ਼ੁਰੂ ਹੋਇਆ। ਏਸੇ ਵੇਲੇ ਦੀ ਮੰਦੀ ਹਾਲਤ ਦਾ ਸੰਕੇਤ ਭਾਈ ਮਨੀ ਸਿੰਘ ਜੀ ਸ਼ਹੀਦ ਦੀ ਇਕ ਚਿੱਠੀ ਵਿਚੋਂ, ਜੋ ਉਨ੍ਹਾਂ ਮਾਤਾ ਸੁੰਦਰੀ ਜੀ (ਮਾਤਾ ਸੁੰਦਰ ਕੌਰ ਜੀ) ਦੀ ਸੇਵਾ ਵਿਚ ਪੰਜਾਬੋਂ, ਮਿਤੀ ਵੈਸਾਖ ੨੨ (੧੭੬੮ ਬਿਕ:) ਮੁਤਾਬਕ ੨੦ ਅਪ੍ਰੈਲ ਸੰਨ ੧੭੧੧ ਈਸਵੀ ਨੂੰ ਲਿਖੀ ਸੀ, ਇਸ ਪ੍ਰਕਾਰ ਮਿਲਦਾ ਹੈ :-

....... ਦੇਸ ਵਿਚ ਖਾਲਸੇ ਦਾ ਬਲੁ ਛੁਟਿ ਗਇਆ ਹੈ।। ਸਿੰਘ ਪਰਬਤਾਂ

ਬਬਾਨਾਂ ਵਿਚ ਜਾਇ ਬਸੇ ਹਨ।। ਮੁਲੇਛੇ ਕੀ ਦੇ ਸਮੇਂ ਦੋਹੀ ਹੈ।। ਬਸਤੀ ਮੇਂ ਬਾਲਕ ਜੁਵਾਂ (ਜਵਾਨ) ਇਸਤ੍ਰੀ ਸਲਾਮਤ ਨਾਹੀ।। ਮੁਛ ਮੁਛ ਕਰ ਮਾਰਦੇ ਹੈਨ।। ਗੁਰੂ ਦ੍ਰੋਹੀ ਵੀ ਉਨ੍ਹਾਂ ਨਾਲ ਦੇ ਸੰਗ ਮਿਲ ਗਏ ਹੈਨ।। ਹੰਦਾਲੀਏ ਮਿਲ ਕਰ ਮੁਕਬਰੀ ਕਰਦੇ ਹੈਨ।। ਸਭੀ ਚਕੁ ਛੋੜ ਗਏ ਹੈਨ।। ਮੁਤਸੱਦੀ ਭਾਗ ਗਏ ਹੈਨ।। ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ।। ਕਲ ਕੀ ਖ਼ਬਰ ਨਾਹੀ।। ਸਾਹਿਬਾਂ ਦੇ ਹੁਕਮ ਅਟੱਲ ਹੈਨ।। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤਿ ਹੋਇ ਗਇਆ ਹੈ।। ..... ਦੇਸ ਵਿਚ ਗੋਗਾ ਹੈ ਕਿ ਬੰਧਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ।। ਸਾਹਿਬ ਬਹੁੜੀ ਕਰਨਗੇ।।......ਮਿਤੀ ੨੨ ਵੈਸਾਖ।।

ਇਹ ਚਿੱਠੀ ਬਹਾਦਰ ਸ਼ਾਹ ਦੇ ਸਿੰਘਾਂ ਵਿਰੁਧ ੧੦ ਦਸੰਬਰ ੧੭੧੦ ਈਸਵੀ ਨੂੰ ਕਤਲਾਮ ਦੇ ਹੁਕਮ ਜਾਰੀ ਹੋਏ ਤੋਂ ਚਾਰ ਸਾਢੇ ਚਾਰ ਮਹੀਨੇ ਪਿਛੋਂ ਲਿਖੀ ਗਈ ਸੀ।

ਸਿੰਘ, ਬੱਚੇ, ਜੁਆਨ ਅਤੇ ਬੁੱਢੇ ਤੇ ਇਸਤ੍ਰੀਆਂ ਥਾਂ ਥਾਂ ਤਸੀਹੇ ਦੇ ਕੇ ਸ਼ਹੀਦ ਕੀਤੇ ਜਾ ਰਹੇ ਸਨ। ਇਹ ਕਤਲਾਮ ਦਾ ਸਿਲਸਿਲਾ ਫਿਰ ਵਧਦਾ ਹੀ ਗਿਆ। ਪੰਜਾਬ ਦਾ ਚੱਪਾ ਚੱਪਾ ਜ਼ਮੀਨ ਦਾ ਸਿੰਘਾਂ ਨੇ ਆਪਣੇ ਖ਼ੂਨ ਨਾਲ ਰੰਗ ਦਿੱਤਾ। ਪਰ ਕੀ ਮਜਾਲ, ਧਰਮ ਦੀ ਹਾਨੀ ਹੋਣ ਦਿੱਤੀ ਹੋਵੇ। ਸਿਰ ਦੇ ਕੇ ਸਿੱਖੀ ਨੂੰ ਰੱਖਿਆ।

ਬਾਦਸ਼ਾਹ ਅਜੇ ਲਾਹੌਰ ਹੀ ਸੀ ਕਿ ਇਕ ਦਿਨ ਕਿਸੇ ਮਾਮੂਲੀ ਗੱਲੋਂ ਭੜਕ ਕੇ ਮੁਸਲਮਾਨਾਂ ਹਿੰਦੂਆਂ ਨੂੰ ਲੁਟਣਾ ਮਾਰਨਾ ਸ਼ੁਰੂ ਕਰ ਦਿੱਤਾ। ਜੇ ਇਸ ਫਸਾਦ ਤੇ ਕਾਬੂ ਨਾ ਪਾਇਆ ਜਾਂਦਾ ਤਾਂ ਪਤਾ ਨਹੀਂ ਸ਼ਹਿਰ ਦੀ ਕਿੰਨੀ ਕੁ ਹਿੰਦੂ ਵਸੋਂ ਮਾਰੀ ਜਾਂਦੀ। ਜ਼ਬਰਦਸਤ ਖ਼ਾਂ ਦੀ ਰਾਇ ਮੰਨ ਕੇ ਲਾਹੌਰ ਦੇ ਹਾਕਮ ਅਸਲਮ ਖ਼ਾਂ ਨੇ ਹਿੰਦੂ ਵਸੋਂ ਸ਼ਹਿਰੋਂ ਬਾਹਰ ਕੱਢ ਲਈ ਤੇ ਬੜੀ ਮੁਸ਼ਕਲ ਨਾਲ ਫ਼ਸਾਦ ਨੂੰ ਠੰਢਾ ਕੀਤਾ।

"ਤਾਰੀਖ਼ਿ-ਮੁਹੰਮਦ ਸ਼ਾਹੀ" ਦਾ ਕਰਤਾ ਦਸਦਾ ਹੈ ਕਿ ਹਕੀਕਤ ਦੇ ਬਿਲਕੁਲ ਉਲਟ ਜਹਾਲਤ ਵਿਚ ਡੁੱਬੇ ਹੋਏ ਕਟੜ ਤੇ ਸੰਗ-ਦਿਲ ਮੁਲਾਣਿਆਂ ਮੁਫ਼ਤੀਆਂ ਤੇ ਫਸਾਦ ਭੜਕਾਉਣ ਵਾਲਿਆਂ ਨੇ ਬਾਦਸ਼ਾਹ ਦੇ ਕੰਨ ਭਰੇ ਕਿ ਮੁਸਲਮਾਨਾਂ ਨੂੰ ਹਿੰਦੂਆਂ ਦੇ ਹਥੋਂ ਬੜਾ ਨੁਕਸਾਨ ਪੁਜਾ ਹੈ। ਕੁਝ ਖ਼ੁਦਗਰਜ਼ ਬੰਦਿਆਂ ਨੇ ਬਾਦਸ਼ਾਹ ਨੂੰ ਕਹਿ ਕੇ ਉਕਸਾਹਟ ਦਿਤੀ ਜਾਪਦੀ ਹੈ ਕਿ ਇਸ ਫਸਾਦ ਦੇ ਪਿਛੇ ਹਿੰਦੂ ਰੂਪ ਵਿਚ ਸਿੱਖਾਂ ਦਾ ਹੱਥ ਹੈ।

ਬਾਦਸ਼ਾਹ ਨੇ ਇਨ੍ਹਾਂ ਸ਼ਕਾਇਤੀਆਂ ਨੂੰ ਕੁਰਾਨ ਸ਼ਰੀਫ਼ ਤੇ ਹਦੀਸ ਵਿਚੋਂ ਹਵਾਲੇ ਦੇ ਕੇ ਨਸੀਹਤਾਂ ਕੀਤੀਆਂ ਤੇ ਨਾਲ ਹੀ ਹਿੰਦੂਆਂ ਸਿਖਾਂ ਵਿਚ ਪਛਾਣ ਕਰਨ ਲਈ ਆਪਣਾ ਪਹਿਲਾਂ ਵਾਲਾ ਫੁਰਮਾਨ ਨਵੇਂ ਸਿਰਿਓਂ ਉਜਾਗਰ ਕੀਤਾ ਕਿ ਬਾਦਸ਼ਾਹੀ ਲਸ਼ਕਰ ਵਿਚ ਮੁਲਾਜ਼ਮ ਸਾਰੇ ਹਿੰਦੂ ਆਪਣੇ ਦਾੜ੍ਹੀ ਕੇਸ ਤੁਰਤ ਮੁਨਾ ਦੇਣ। ਦਾੜ੍ਹੀ ਕੇਸ ਤਾਂ ਜ਼ਾਹਿਰਾ ਪਛਾਣ ਦੇ ਚਿੰਨ੍ਹ ਹਨ, ਕਿਉਂਕਿ "ਸੀਅਰੁਲ-ਮਤਾਖ਼ਰੀਨ" ਦੀ ਲਿਖਤ ਅਨੁਸਾਰ ਸਿਖ ਮੌਤ ਤਾਂ ਕਬੂਲ ਕਰ ਲਵੇਗਾ ਪਰ ਦਾੜ੍ਹੀ ਕੇਸ ਜਾਂ ਆਪਣੇ ਰੋਮ ਕਦੀ ਮੁਨਾਉਣਾ ਕਬੂਲ ਨਹੀਂ ਕਰੇਗਾ।

ਸ਼ਾਹ ਜਹਾਨਾਬਾਦ ਕੇ ਫ਼ੌਜਦਾਰ ਯਾਰ ਮੁਹੰਮਦ ਕਲੰਦਰ ਦੇ "ਦਸਤੂਰੁਲ ਇੰਨਸ਼ਾ" ਅਤੇ "ਰੁੱਕਾਤਿ-ਅਮੀਨੁਦੌਲਾ" ਦੇ ਪੰਜਵੇਂ ਰੁਕੇ ਵਿਚ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ ਕਿ :-

"ਉਸੇ ਦਿਨ ਜਿਸ ਦਿਨ ਨਾਨਕ-ਪ੍ਰਸਤਾਂ (ਨਾਨਕ-ਪੂਜ-ਸਿਖਾਂ) ਨੂੰ ਉਨ੍ਹਾਂ ਦੀਆਂ ਸ਼ਰਾਰਤਾਂ ਦੀ ਸਜ਼ਾ ਮਿਲੀ, ਸ਼ਾਹੀ ਹੁਕਮ ਜਾਰੀ ਕੀਤਾ ਗਿਆ ਕਿ ਸ਼ਾਹੀ ਲਸ਼ਕਰ ਦੇ ਸਾਰੇ ਹਿੰਦੂ ਮੁਲਾਜ਼ਮਾਂ ਦੀਆਂ ਦਾੜ੍ਹੀਆਂ ਮੁੰਨ ਕੇ ਸਾਫ਼ ਕਰ ਦਿਤੀਆਂ ਜਾਣ ਅਤੇ ਸਾਰੇ ਸੂਬਿਆਂ ਵਿਚ ਹੁਕਮ ਪੁਰ-ਜ਼ੋਰ ਤਰੀਕੇ ਨਾਲ ਲਾਗੂ ਕਰ ਦਿਤਾ ਜਾਵੇ ਕਿ ਕੋਈ ਬੇ-ਦੀਨ (ਗ਼ੈਰ ਮੁਸਲਮਾਨ) ਲੰਮੀ ਦਾੜ੍ਹੀ ਨਾ ਰਖੇ ਅਤੇ ਜੇ ਕੋਈ ਅਜਿਹਾ ਮਿਲ ਜਾਏ ਤਾਂ ਉਸ ਦੀ ਦਾੜ੍ਹੀ ਫ਼ੌਰਨ ਉਸੇ ਥਾਂ ਤੇ ਹੀ ਪੁੱਟ ਦਿੱਤੀ ਜਾਏ।"

ਚੁਨਾਂਚਿ ਸਾਰੇ ਬਾਦਸ਼ਾਹੀ ਸੂਬਿਆਂ ਵਿਚ ਇਹ ਹੁਕਮ ਫੈਲਾ ਦਿਤਾ ਗਿਆ।

ਸ਼ਾਹੀ ਕੈਂਪ ਵਿਚ ਇਸ ਹੁਕਮ ਨੇ ਇਹ ਰੂਪ ਧਾਰ ਲਿਆ ਕਿ ਫ਼ੌਜਾਂ ਦੇ ਦੇਵਾਂ ਵਰਗੇ ਕੱਦਾਂ ਵਾਲੇ ਸਰਦਾਰ ਨਾਈਆਂ ਨੂੰ ਨਾਲ ਲਈਂ ਗੰਦੇ ਪਾਣੀ ਦੀਆਂ ਚਿਲਮਚੀਆਂ ਸਮੇਤ ਗਲੀਆਂ ਅਤੇ ਬਾਜ਼ਾਰਾਂ ਵਿਚ ਜਿਸ ਕਿਸੇ ਦਾੜ੍ਹੀ ਕੇਸਾਂ ਵਾਲੇ ਨੂੰ ਦੇਖਦੇ, ਬੜੀ ਬੇਇੱਜ਼ਤੀ ਨਾਲ ਉਸ ਦੀ ਦਾੜ੍ਹੀ ਮੁੰਨ ਦਿੰਦੇ ਅਤੇ ਉਸ ਦੀ ਪਗੜੀ ਅਤੇ ਗਲ ਪਾਏ ਲੀੜੇ ਲਾਹ ਦਿੰਦੇ। ਬਾਦਸ਼ਾਹ ਅਤੇ ਸ਼ਹਿਜ਼ਾਦਿਆਂ ਦੇ ਦਫ਼ਤਰਾਂ ਦੇ ਜਾਣਕਾਰ ਮੁਤਸੱਦੀ ਅਤੇ ਦੂਸਰੇ ਹਿੰਦੂ ਆਪਣੀਆਂ ਦਾੜ੍ਹੀਆਂ ਆਪਣੇ ਘਰੀਂ ਹੀ ਮੁੰਨ ਕੇ (ਮਾਲਕਾਂ ਦੇ) ਹਜ਼ੂਰ ਆਉਂਦੇ। ਚੁਨਾਂਚਿ ਇਹ ਗੱਲ ਵੱਧਦੀ ਗਈ ਅਤੇ ਦਿਨੋ ਦਿਨ ਉਦੋਂ ਜ਼ਿਆਦਾ ਹੁੰਦੀ ਗਈ ਜਦ ਕਿ ਬਾਦਸ਼ਾਹੀ ਡੇਰਾ ਲਾਹੌਰ ਦੇ ਲਾਗੇ ਜਾ ਪੁੱਜਾ ਅਤੇ ਤਖ਼ਤ ਉਤੇ ਬੈਠਣ ਦੀ ਰਸਮ ਦੀਆਂ ਤਿਆਰੀਆਂ


www.sikhbookclub.com

ਦਾ ਹੁਕਮ ਜਾਰੀ ਹੋ ਗਿਆ।

## ਹੋਰ ਜ਼ੁਲਮ

ਬਹਾਦਰ ਸ਼ਾਹ ਦੀ ਮੌਤ ਪਿਛੋਂ ਕੁਝ ਦੇਰ ਬਾਅਦ ਫ਼ਰਖਸੀਯਰ ਦਿਲੀ ਦੇ ਤਖ਼ਤ ਤੇ ਬੈਠਾ। ਇਸ ਦੇ ਦੌਰ ਵਿਚ ਬੰਦਾ ਸਿੰਘ ਬਹਾਦੁਰ ਫੜਿਆ ਗਿਆ ਤੇ ਸ਼ਹੀਦ ਕੀਤਾ ਗਿਆ। ਫਿਰ ਸਿਖਾਂ ਉਤੇ ਬੇਓੜਕੇ ਅਤਿਆਚਾਰ ਹੋਏ। ਅਬਦੁਲ ਸਮੱਦ ਖਾਨ ਲਾਹੌਰ ਦਾ ਹਾਕਿਮ ਬਣਿਆ ਤਾਂ ਸਿਖਾਂ ਦੀ ਕਤਲਾਮ ਸ਼ੁਰੂ ਹੋ ਗਈ। ਇਸ ਨੂੰ ਹਟਾ ਕੇ ਜਦ ਇਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਗਵਰਨਰ ਬਣਾਇਆ ਤਾਂ ਇਸ ਨੇ ਸਿਖਾਂ ਦੇ ਉਹ ਆਹੂ ਲਾਹੇ ਕਿ ਰਹੇ ਰੱਬ ਦਾ ਨਾਮ। ਸਿਰਫ ਡੇਢ ਕੁ ਸਾਲ ਨਵਾਬੀ ਭੇਟ ਕਰਨ ਦੇ ਵੇਲੇ ਹੀ ਖ਼ਾਲਸੇ ਨੂੰ ਸੁਖ ਦਾ ਸਾਹ ਆਇਆ। ਫਿਰ ਉਹੋ ਹਾਲ ਸ਼ੁਰੂ ਹੋ ਗਿਆ। ਲਖਪਤ ਤੇ ਜਸਪਤ ਨੇ ਇਸ ਦੇ ਦੌਰ ਵਿਚ ਸਿਖ ਧਰਮ ਨੂੰ ਹੀ ਮਿਟਾ ਦੇਣ ਦਾ ਬੀੜਾ ਚੁਕ ਲਿਆ ਸੀ। ਭਾਈ ਤਾਰਾ ਸਿੰਘ ਜੀ ਵਾਂ ਵਾਲੇ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਜੀ ਤੇ ਹੋਰ ਬੇਗਿਣਤ ਸਿੰਘ ਏਸ ਦੇ ਦੌਰ ਵਿਚ ਸ਼ਹੀਦ ਕੀਤੇ ਗਏ। ਇਸ ਪਿਛੋਂ ਸ਼ਾਹ ਨਵਾਜ਼ ਖਾਂ ਆਇਆ ਤੇ ਲਖਪਤ ਹੁਰਾਂ ਦੀ ਖ਼ੂਬ ਚੜ੍ਹ ਮੱਚੀ ਸੀ। ਫਿਰ ਸਿਖਾਂ ਦਾ ਕਤਲਾਮ ਜੋਰਾਂ ਸ਼ੋਰਾਂ ਨਾਲ ਸ਼ੁਰੂ ਹੋਇਆ। ਮੀਰ ਮੰਨੂ ਨੇ ਸਿਖਾਂ ਵਿਰੁਧ ਚੌਖੜੇ ਦਾ ਸੁਹਾਗਾ ਹੀ ਬੰਨ੍ਹ ਲਿਆ। ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਵੇਲੇ ਰਹੀ ਸਹੀ ਕਸਰ ਨਿਕਲ ਗਈ। ਵੱਡੇ ਘੱਲੂਘਾਰੇ ਦਾ ਅਰਥ ਹੀ ਇਹ ਸੀ ਕਿ ਸਾਰੀ ਕੌਮ ਹੀ ਤਬਾਹ ਕਰ ਦਿੱਤੀ ਜਾਵੇ। ਪਰ ਵਾਹ ਖ਼ਾਲਸਾ ਜੀ ਦੀ ਸਿਖੀ ਸਪਿਰਟ ਦੇ। ਜੋ ਜ਼ੁਲਮ ਹੋਇਆ, ਦੂਣੇ ਚੌਣੇ ਹੋ ਕੇ ਉਭਰੇ। ਸਭ ਕੁਝ ਕੁਰਬਾਨ ਕਰ ਦਿੱਤਾ, ਪਰ ਸਿਖੀ ਸਿਦਕ ਉਤੇ ਤੇ ਉਸ ਦੀ ਰਹਿਤ ਮਰਯਾਦਾ ਉਤੇ ਆਂਚ ਨਹੀਂ ਆਉਣ ਦਿਤੀ। ਖਾਲਸਾ ਜੀ ਤੁਸੀਂ ਧੰਨ ਹੋ।

੧੭੧੦ ਤੋਂ ਲੈ ਕੇ ੧੭੬੫ ਤਕ ਸਿਖਾਂ ਦੀਆਂ ਖ਼ੂਨੀ ਤੇ ਵਹਿਸ਼ੀਆਨਾ ਕਤਲਾਮਾਂ ਦਾ ਇਹ ਸਮਾਂ ਸੀ।

ਸਿਖਾਂ ਨਾਲ ਜੋ ਗੁਜ਼ਰੀ, ਉਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸਿਖ ਘਰ ਬਾਹਰ ਤਿਆਗ ਕੇ ਜੰਗਲਾਂ ਵਿਚ ਜਾ ਲੁਕੇ। ਉਥੇ ਜੰਗਲੀ ਜਾਨਵਰਾਂ ਵਾਂਗ ਉਨ੍ਹਾਂ ਦਾ ਸ਼ਿਕਾਰ ਖੇਡਿਆ ਜਾਂਦਾ ਰਿਹਾ। ਚੁਣ ਚੁਣ ਕੇ ਸਿਖ ਮਾਰੇ ਗਏ। ਕਈ ਵਾਰੀ ਡੌਂਡੀ ਪਿਟਵਾਈ ਗਈ ਕਿ ਸਿਖਾਂ ਦਾ ਮੁਕੰਮਲ ਤੌਰ ਤੇ ਸਫਾਇਆ ਕਰ ਦਿੱਤਾ ਗਿਆ ਹੈ।

ਓਸ ਸਮੇਂ ਸਿਖ ਅਖਵਾਉਣਾ ਮੌਤ ਸਹੇੜਨ ਵਾਲੀ ਗਲ ਸੀ। ਲੋਭ-ਲਹਿਰ ਦੇ ਹਲਕਾਏ ਜਰਵਾਣੇ ਜਦੋਂ ਕੋਈ ਸਿੱਖ ਹੱਥ ਨਾ ਆਉਂਦਾ ਤਾਂ ਖ਼ਾਲਸਾ ਬੀਬੀਆਂ ਦਾ ਸਿਰ ਵਢ ਕੇ ਉਸ ਨੂੰ ਸਿਖ ਬੱਚੇ ਦਾ ਸਿਰ ਦਸ ਕੇ ਸਰਕਾਰੀ ਖ਼ਜ਼ਾਨੇ ਵਿਚੋਂ ਨਿਸਚਿਤ ਇਨਾਮ ਪ੍ਰਾਪਤ ਕਰ ਲੈਂਦੇ।

ਅਜਿਹੇ ਬਿਖਮ ਸਮੇਂ ਵਿਚ ਖ਼ਾਲਸਾ ਬੀਬੀਆਂ ਨੇ ਘਰ ਬਾਹਰ ਅਤੇ ਜ਼ਿੰਦਗੀ ਦੇ ਸੁਖ ਆਰਾਮ ਛੱਡਣੇ ਤਾਂ ਖਿੜੇ ਮੱਥੇ ਪਰਵਾਨ ਕਰ ਲਏ, ਪਰ ਗੁਰੂ ਕੀ ਰਹਿਤ ਨੂੰ ਪਿੱਠ ਨਾ ਦਿੱਤੀ। ਸਿੰਘਾਂ ਨਾਲ ਜੰਗਲਾਂ ਵਿਚ ਵਿਚਰ ਕੇ ਤੇ ਸਰੀਰ ਤੇ ਦੁੱਖ ਤਸੀਹੇ ਝੱਲ ਕੇ ਉਹਨਾਂ ਨੇ ਸਿਖੀ ਸ਼ਾਨ ਨੂੰ ਬਰਕਰਾਰ ਰੱਖਿਆ। ਸਿੰਘਾਂ ਨਾਲ ਸ਼ਾਨਾ-ਬ-ਸ਼ਾਨਾ ਹੋ ਕੇ ਜੰਗਾਂ ਜੁਧਾਂ ਵਿਚ ਵੀ ਬਰਾਬਰ ਜੂਝਦੀਆਂ ਰਹੀਆਂ। ਆਪਣੇ ਲਖ਼ਤੇ-ਜਿਗਰ ਨੰਨ੍ਹੇ ਨੰਨ੍ਹੇ ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਦੇ ਹਾਰ ਬਣਾਏ। ਉਨ੍ਹਾਂ ਸੂਰਬੀਰ ਸਿੰਘਣੀਆਂ ਦੀ ਬਹਾਦਰੀ ਅਤੇ ਕੁਰਬਾਨੀ ਸਿਖ ਕੌਮ ਦਾ ਗੌਰਵ-ਮਈ ਵਿਰਸਾ ਹੈ ਤੇ ਉਹਨਾਂ ਦੀ ਪਵਿਤਰ ਯਾਦ ਆਪਣੇ ਧਿਆਨ ਵਿਚ ਲਿਆਣ ਨਾਲ ਸਾਨੂੰ ਨਿਤ ਵਾਹਿਗੁਰੂ ਚਿਤ ਆਉਂਦਾ ਹੈ ਤੇ ਸਿਖੀ ਕਮਾਉਣ ਲਈ ਉਤਸ਼ਾਹ ਮਿਲਦਾ ਹੈ।

ਬੀਬੀਆਂ ਵਿਚ ਦਸਤਾਰ ਸਬੰਧੀ ਢਿਲਿਆਈ ਓਦੋਂ ਆਈ ਜਦੋਂ ਕਿ ਸਿੱਖ, ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪ੍ਰੰਤ ੬੦-੭੦ ਸਾਲ ਦੇ ਸੰਘਰਸ਼ ਪਿਛੋਂ, ਪੰਜਾਬ ਵਿਚ ਫਿਰ ਸਤਾ-ਧਾਰੀ ਹੋ ਗਏ। ਬੜੇ ਚਿਰ ਪਿਛੋਂ ਸਿਖਾਂ ਨੂੰ ਆਪਣੇ ਦੇਸ਼ ਵਿਚ ਸੁਖ ਦਾ ਸਾਹ ਲੈਣਾ ਨਸੀਬ ਹੋ ਰਿਹਾ ਸੀ। ਸਿਖ ਏਹਨੀ ਦਿਨੀਂ ਪੰਜਾਬ ਦਾ ਰਾਜ ਕਾਜ ਸੰਭਾਲ ਰਹੇ ਸਨ। ਇਨ੍ਹਾਂ ਕੋਲ ਹੁਣ ਦੌਲਤ ਸੀ, ਤਾਕਤ ਸੀ, ਸੁਖ ਅਰਾਮ ਦੇ ਸਾਰੇ ਵਸੀਲੇ ਸਨ।

ਜੇ ਮਨੁੱਖ ਆਪਣੇ ਇਸ਼ਟ ਨਾਲੋਂ ਟੁੱਟ ਜਾਏ ਤਾਂ ਧਨ ਦੌਲਤ ਤੇ ਤਾਕਤ ਮਾਇਆ ਰੂਪ ਵਿਚ ਆ ਚੰਬੜਦੇ ਹਨ ਅਤੇ ਐਸ਼ੋ-ਇਸ਼ਰਤ ਵਿਚ ਸੁੱਟ ਪਾਂਦੇ ਹਨ। ਐਸ਼ੋ-ਇਸ਼ਰਤ ਵਿਚ ਫਸ ਕੇ ਗੁਰਮਤੀ ਜੀਵਨ ਅਥਵਾ ਸਿੱਖੀ ਰਹਿਤ-ਮਰਯਾਦਾ ਬੋਝਲ ਹੋ ਜਾਂਦੇ ਹਨ।

ਸੋ ਐਸ਼-ਇਸ਼ਰਤ ਦਾ ਸ਼ਿਕਾਰ ਹੋਇਆ ਜਿਥੇ ਖ਼ਾਲਸਾ ਪੁਰਸ਼ਾਂ ਵਿਚ ਰਹਿਤ ਬਹਿਤ ਵਲੋਂ ਢਿਲਿਆਈ ਆ ਗਈ ਓਥੇ ਖ਼ਾਲਸਾ ਬੀਬੀਆਂ ਵੀ ਫੈਸ਼ਨ ਦੇ ਵਹਿਣ ਵਿਚ ਵਹਿ ਤੁਰੀਆਂ ਅਤੇ ਦਸਤਾਰ (ਕੇਸਕੀ) ਉਤਾਰ ਕੇ ਕੇਸਾਂ ਦੇ ਅਨਿਕ ਪ੍ਰਕਾਰੀ ਫੈਸ਼ਨ ਬਣਾਉਣੇ ਅਰੰਭ ਦਿਤੇ। ਇਸ ਢਿਲਿਆਈ ਤੋਂ ਪੰਥ ਦੋਖੀਆਂ ਨੇ ਲਾਭ ਉਠਾ ਕੇ ਇਕ ਰਹਿਤਨਾਮਾ "ਪ੍ਰੇਮ

ਸੁਮਾਰਗ ਗ੍ਰੰਥ" ਦੇ ਨਾਂ ਹੇਠ ਲਿਆ ਪ੍ਰਚਲਤ ਕੀਤਾ, ਜਿਸ ਦੇ ਆਦਿ ਵਿਚ "ਸ੍ਰੀ ਮੁਖ ਪਾਤਸ਼ਾਹੀ ੧੦" ਲਿਖਿਆ ਹੋਇਆ ਸੀ। ਇਹ ਗ੍ਰੰਥ ਐਸ਼-ਪ੍ਰਸਤਾਂ ਨੂੰ ਹਰ ਪ੍ਰਕਾਰ ਦੀਆਂ ਖੁਲ੍ਹਾਂ ਤੇ ਐਸ਼ੋ-ਇਸ਼ਰਤ ਦੀ ਆਗਿਆ ਦਿੰਦਾ ਸੀ। ਐਸ਼-ਪ੍ਰਸਤੀ ਹੀ ਉਸ ਵੇਲੇ ਦੇ ਮਾਇਆ-ਗ੍ਰਸੇ ਸਿਖ-ਸਰਦਾਰਾਂ ਦੀ ਲੋਚਾ ਬਣ ਚੁਕੀ ਸੀ, ਸੋ ਇਹ ਗ੍ਰੰਥ 'ਰਹਿਤਨਾਮਾ' ਰੂਪ ਵਿਚ ਓਦੋਂ ਸਹਿਜੇ ਹੀ ਪ੍ਰਚਲਤ ਤੇ ਪ੍ਰਵਾਣਤ ਹੋ ਗਿਆ। ਇਸ ਗ੍ਰੰਥ ਦੀ ਕ੍ਰਿਪਾ ਨਾਲ ਧਨ ਦੌਲਤ ਵਿਚ ਮਤੇ ਸਮੁਚੇ ਸਿਖ ਪਰਵਾਰਾਂ ਵਿਚ ਮਾਸ, ਸ਼ਰਾਬ, ਵਿਭਚਾਰ ਅਤੇ ਕਈ ਪ੍ਰਕਾਰ ਦੀਆਂ ਕੁਰੀਤੀਆਂ ਪ੍ਰਵੇਸ਼ ਕਰ ਗਈਆਂ।

ਪਰ ਇਸ ਦੇ ਬਾਵਜੂਦ ਗੁਰੂ ਕੇ ਭੈ-ਭਾਵਨੀ ਵਾਲੇ ਸਚਿਆਰ ਗੁਰਸਿਖ-ਪਰਵਾਰਾਂ ਵਿਚ ਦਸਤਾਰ ਦੀ ਰਹਿਤ ਬਦਸਤੂਰ ਜਾਰੀ ਰਹੀ ਅਤੇ ਅਜ ਤੱਕ ਜਾਰੀ ਹੈ। ਵਰਤਮਾਨ ਕਾਲ ਵਿਚ ਵੀ ਇਹ ਦਸਤਾਰ (ਕੇਸਕੀ) ਖ਼ਾਲਸਾ ਰਹਿਤ ਕੇਵਲ ਅਖੰਡ ਕੀਰਤਨੀ ਜਥੇ ਤਕ ਹੀ ਸੀਮਤ ਨਹੀਂ, ਪੰਥ ਦੇ ਹੋਰ ਗੁਰਮਤੀ ਪਰਵਾਰਾਂ ਵਿਚ ਵੀ ਇਹ ਪ੍ਰਚਲਤ ਹੈ।

ਪੰਥ ਰਤਨ ਗੁਰੂ ਕੇ ਸਚਿਆਰ ਸਿਖ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਸਿੰਘਣੀ ਦਸਤਾਰ-ਧਾਰੀ ਹਨ। ਉਹਨਾਂ ਦੇ ਨਿਕਟਵਰਤੀ ਸਚਖੰਡਵਾਸੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਦੀ ਸਿੰਘਣੀ ਵੀ ਦਸਤਾਰ-ਧਾਰੀ ਹੋ ਕੇ ਗੁਰੂ ਕੇ ਖ਼ਾਲਸਈ ਰੂਪ ਵਿਚ ਵਿਚਰ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕ ਜਥੇਦਾਰ ਸਿੰਘ ਸਾਹਿਬ ਭਾਈ ਅੱਛਰ ਸਿੰਘ ਜੀ ਦੀ ਸਿੰਘਣੀ (ਮਾਤਾ ਮਹਿੰਦਰ ਕੌਰ ਜੀ) ਜੀਵਨ-ਪ੍ਰਯੰਤ ਦਸਤਾਰ-ਧਾਰੀ ਹੋ ਕੇ ਵਿਚਰਦੇ ਰਹੇ। ਪੰਥ ਪ੍ਰਸਿੱਧ ਵਿਅਕਤੀ ਮਾਤਾ ਕ੍ਰਿਸ਼ਨ ਕੌਰ ਕੌਂਕਿਆਂ ਵਾਲੇ ਤੇ ਬੀਬੀ ਚਰਨ ਕੌਰ ਜੀ ਦਸਤਾਰ-ਧਾਰੀ ਸਨ। ਪੰਜਾਬ ਦੇ ਸਾਬਕ ਮੁਖ ਮੰਤਰੀ ਸਃ ਪ੍ਰਤਾਪ ਸਿੰਘ ਕੈਰੋਂ ਦੇ ਮਾਤਾ ਹਰ ਕੌਰ ਜੀ ਅਤੇ ਜ਼ਿਲਾ ਅੰਮ੍ਰਿਤਸਰ ਦੇ ਪਿੰਡਾਂ ਭੁੱਚਰ, ਮੱਟੀਆਂ ਆਦਿ ਵਿਖੇ ਸੈਂਟਰਲ ਮਾਝਾ ਖ਼ਾਲਸਾ ਦੀਵਾਨ ਦੇ ਅਕਾਲੀ ਪਰਿਵਾਰਾਂ ਦੀਆਂ ਬੀਬੀਆਂ ਦਸਤਾਰਾਂ ਸੰਯੁਕਤ ਹੀ ਵਿਚਰਦੀਆਂ ਰਹੀਆਂ ਤੇ ਵਿਚਰ ਰਹੀਆਂ ਹਨ।

ਦਸਤਾਰ (ਕੇਸਕੀ) ਸਿਖਾਂ ਦੀ ਬਹੁ-ਗਿਣਤੀ ਵਿਚ ਓਵੇਂ ਹੀ ਲੋਪ ਹੋ ਗਈ ਹੈ ਜਿਵੇਂ ਹਿੰਦੂ ਧਰਮ ਵਿਚ ਕੇਸ ਲੋਪ ਹੋ ਗਏ ਹਨ। ਹਿੰਦੂ ਧਰਮ ਵਿਚ ਕੇਸਾਂ ਦੇ ਮੁੰਡਣ ਦੇ ਅਰੰਭ ਸੰਬੰਧੀ ਸੂਰਜ ਪ੍ਰਕਾਸ਼ ਵਿਚ ਵਿਸਥਾਰ ਪੂਰਬਕ ਘਟਨਾ ਦਾ ਵਰਨਣ ਹੈ, ਜਿਸ ਦਾ ਵਿਸਥਾਰ ਇਥੇ

ਨਹੀਂ ਦਿਤਾ ਜਾ ਰਿਹਾ।

ਸਵਾਲ ਹੈ :-

(੧) ਹਿੰਦੂ ਧਰਮ ਦੇ ਸੰਚਾਲਕ ਰਿਸ਼ੀ ਮੁਨੀ ਅਵਤਾਰ ਸਾਰੇ ਕੇਸਾ-ਧਾਰੀ ਨਹੀਂ ਸਨ ?

(੨) ਕੀ ਹੁਣ ਜਿਥੇ ਵੇਦਾਂ ਵਿਚ ਕੇਸ ਕਾਇਮ ਰੱਖਣ ਸੰਬੰਧੀ ਸਲੋਕ ਮਿਲਦੇ ਹਨ ਉਥੇ ਮੁੰਡਣ ਕਰਵਾਉਣ ਸੰਬੰਧੀ ਵੀ ਸਲੋਕ ਨਹੀਂ ਮਿਲਦੇ ? ਇਹ ਕਿਉਂ ? ਕੀ ਇਹ ਵੇਦਾਂ ਵਿਚ ਰਲਾ ਪਾਏ ਜਾਣ ਦਾ ਸੂਚਕ ਨਹੀਂ ?

(੩) ਮੁੰਡਣ ਕਿਥੋਂ ਤੇ ਕਿਉਂ ਸ਼ੁਰੂ ਹੋਇਆ ਤੇ ਕਿਵੇਂ ਵਧਦਾ ਗਿਆ ? ਹਿੰਦੂ ਧਰਮ ਵਿਚ ਕੇਸਾਂ ਦੇ ਮੁਕੰਮਲ ਸਫ਼ਾਏ ਦੇ ਕੀ ਕੀ ਕਾਰਨ ਹਨ ?

ਗੁਰਮਤਿ ਰਹਿਤ ਤੋਂ ਜੀਅ ਚੁਰਾਉਣ ਵਾਲੇ, ਸਿਖ ਰਵਾਇਤਾਂ ਅਤੇ ਸਿਖ ਇਤਿਹਾਸ ਤੋਂ ਨਾਵਾਕਫ਼ ਕਈ ਵਿਅਕਤੀ ਇਹ ਆਖਦੇ ਸੁਣੀਦੇ ਹਨ ਕਿ ਕੇਸਕੀ ਭਸੌੜ ਦੀਵਾਨ ਦੀ ਜਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕਾਢ ਹੈ। ਇਹ ਉਹਨਾਂ ਦੀ ਕਜ-ਫਹਿਮੀ ਹੈ।

ਪਿਛਲੇ ਪੰਨਿਆਂ ਤੇ ਇਹ ਤੱਥ ਸਪੱਸ਼ਟ ਕੀਤਾ ਜਾ ਚੁਕਾ ਹੈ ਕਿ ਦਸਤਾਰ (ਕੇਸਕੀ) ਭਾਈ ਸਾਹਿਬ ਰਣਧੀਰ ਸਿੰਘ ਜੀ ਜਾਂ ਉਨ੍ਹਾਂ ਦੇ ਜਥੇ ਵਲੋਂ ਪ੍ਰਚਲਤ ਨਹੀਂ ਕੀਤੀ ਗਈ, ਸਗੋਂ ਇਹ ਸਿਖ ਧਰਮ ਦੇ ਸੰਚਾਲਕ ਸਾਹਿਬ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਹੈ। ਦਸਵੇਂ ਜਾਮੇ ਵਿਚ ਖੰਡੇ ਦੀ ਪਾਹੁਲ ਸਮੇਂ ਜਦੋਂ ਅੰਤਰਮੁਖੀ ਰਹਿਤ ਨਾਲ ਬਾਹਰਮੁਖੀ ਖ਼ਾਲਸਾ ਰਹਿਤ ਦਾ ਬੰਧਾਨ ਬੱਧਾ ਤਾਂ ਦਸਤਾਰ (ਕੇਸਕੀ) ਨੂੰ ਖ਼ਾਲਸੇ ਦੇ ਬਾਹਰਮੁਖੀ ਚਿੰਨ੍ਹਾਂ ਵਿਚ ਰਖਿਆ ਗਿਆ। ਤਦ ਤੋਂ ਸਤਿਗੁਰੂ ਦੇ ਪਿਆਰ ਵਾਲਾ ਹਰੇਕ ਖ਼ਾਲਸਾ (ਪੁਰਸ਼ ਤੇ ਇਸਤ੍ਰੀ) ਗੁਰੂ ਕੀ ਮੁਹਰ-ਕੇਸਾਂ-ਦੀ ਸੰਭਾਲ ਦਸਤਾਰ (ਕੇਸਕੀ) ਸਹਿਤ ਕਰਦਾ ਆ ਰਿਹਾ ਹੈ। ਅਜ ਵੀ ਜਿਥੇ ਕਿਰਪਾਨ ਖ਼ਾਲਸੇ ਦਾ ਰਵਾਇਤੀ ਹਥਿਆਰ ਮੰਨਿਆ ਜਾਂਦਾ ਹੈ, ਦਸਤਾਰ ਖ਼ਾਲਸੇ ਦਾ ਰਵਾਇਤੀ ਚਿੰਨ੍ਹ ਸਵੀਕਾਰ ਕੀਤਾ ਜਾਂਦਾ ਹੈ।

ਫੈਸ਼ਨ ਦੀ ਕੁਲਹਿਣੀ ਰੌ ਵਿਚ ਰੁੜ੍ਹ ਕੇ ਕਚੇ-ਪਿੱਲੇ ਤੇ ਢਿੱਲੜ ਵਿਅਕਤੀ ਦਸਤਾਰ (ਕੇਸਕੀ) ਨੂੰ ਛੱਡ ਗਏ ਹਨ ਅਤੇ ਕੇਸਾਂ ਨੂੰ ਨੰਗੇ ਰਖ ਕੇ ਉਹਨਾਂ ਦੇ ਅਨਿਕ ਪ੍ਰਕਾਰੀ ਫੈਸ਼ਨੇਬਲ ਡੀਜ਼ਾਈਨ ਬਣਾ ਕੇ ਆਪਣ ਅਤੇ ਲੋਕਾਂ ਦਾ ਮਨ-ਪਰਚਾਵਾ ਕਰਨ ਵਿਚ ਖੁਸ਼ੀ ਮਹਿਸੂਸ ਕਰਦੇ ਹਨ

ਉਹਨਾਂ ਨੂੰ ਕੌਮ ਦੇ ਧਾਰਮਿਕ ਆਗੂਆਂ ਵਲੋਂ ਵੀ ਦਸਤਾਰ (ਕੇਸਕੀ) ਤੋਂ
ਖੁੱਲ੍ਹੀ ਛੁਟੀ ਦੇ ਦਿਤੀ ਗਈ ਹੈ। ਪਰ ਜਿਨ੍ਹਾਂ ਨੇ ਆਪਣੀ ਜਿੰਦਗੀ ਦਾ
ਨਿਸ਼ਾਨਾ ਗੁਰੂ ਕੀ ਕਾਰ ਕਮਾ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ
ਕਰਨਾ ਬਣਾਇਆ ਹੋਇਆ ਹੈ, ਉਹਨਾਂ ਨੂੰ ਨਾ ਵਿਕਾਰ-ਉਪਜਾਊ ਫੈਸ਼ਨਾਂ
ਨਾਲ ਕੋਈ ਵਾਸਤਾ ਹੈ ਅਤੇ ਨਾ ਲੋਕ-ਲਾਜ ਦੀ ਕੋਈ ਪਰਵਾਹ, ਬਸ
ਸਤਿਗੁਰੂ ਕੀ ਆਗਿਆ ਸਤਿ ਸਤਿ ਕਰ ਮੰਨਣੀ ਹੀ ਉਹਨਾਂ ਦੀ ਇਕੋ
ਇਕ ਰੀਝ ਹੈ। ਉਹ-ਗੁਰੂ ਦ੍ਰਿੜ੍ਹਾਈ ਦਸਤਾਰ (ਕੇਸਕੀ) ਨੂੰ ਗੁਰੂ ਦਾ
ਬਖਸ਼ਿਆ ਤਾਜ ਜਾਣ ਕੇ ਸੀਸ ਤੇ ਸਜਾਂਦੇ ਹਨ। ਸੀਸ ਤੇ ਦਸਤਾਰ ਸਜਾਣੀ
ਉਹਨਾਂ ਦੀ ਮਜਬੂਰੀ ਨਹੀਂ, ਗੌਰਵ ਹੈ।

ਜੇ ਗੁਰੂ ਕੇ 'ਸਿੰਘ' ਬੱਚੇ ਲਈ "ਮੋ ਗੁਰ ਮਿਲਿ ਉਚ ਦੁਮਾਲੜਾ"
(ਸਿਰੀਰਾਗੁ ਮ: ੫, ਪੰਨਾ ੭੪) ਫ਼ਖ਼ਰ ਦੀ ਗੱਲ ਹੈ ਤੇ ਇਸ ਨਾਲ ਉਸ
ਦੇ ਬਾਕੀ ਸੰਸਾਰ ਤੋਂ ਨਿਰਾਲੇ ਹੋਣ ਦੀ ਵੀ ਪਛਾਣ ਹੈ ਤਾਂ ਗੁਰੂ ਕੀ
'ਕੌਰ' ਬੱਚੀ ਲਈ ਵੀ ਇਹ ਗੌਰਵ ਦੀ ਗੱਲ ਹੈ ਕਿ ਉਸ ਦੇ ਨਿਆਰੇ
ਨਿਰਾਲੇ ਹੋਣ ਦੀ ਪਛਾਣ ਵੀ ਇਸ ਉਚ ਦੁਮਾਲੜੇ-ਦਸਤਾਰ (ਕੇਸਕੀ)
ਦੁਆਰਾ ਹੀ ਸੰਭਵ ਹੈ। ਨੰਗੇ ਸਿਰ ਅਤੇ ਅਧ-ਨੰਗੇ ਪਹਿਰਾਵੇ ਵਾਲੀਆਂ
ਬੀਬੀਆਂ ਦੇ ਖ਼ਾਲਸਾ ਹੋਣ ਦੀ ਕੀ ਪਛਾਣ ਹੈ ?

ਅਖੰਡ ਕੀਰਤਨੀ ਜੱਥਾ, ਸਤਿਗੁਰਾਂ ਵਲੋਂ ਖ਼ਾਲਸੇ ਪ੍ਰਤੀ ਦ੍ਰਿੜ੍ਹਾਈ
ਦਸਤਾਰ (ਕੇਸਕੀ) 'ਰਹਿਤ' ਦਾ ਅਮਲੀ ਰੂਪ ਵਿਚ ਧਾਰਨੀ ਹੈ ਅਤੇ ਡੰਕੇ
ਦੀ ਚੋਟ ਨਾਲ ਲਗਾਤਾਰ ਇਸ ਰਹਿਤ ਦਾ ਪ੍ਰਚਾਰ ਕਰਦਾ ਆ ਰਿਹਾ ਹੈ।
ਦਸਤਾਰ (ਕੇਸਕੀ) 'ਰਹਿਤ' ਦਾ ਕੇਸਾਂ ਦੀ ਰਹਿਤ ਨਾਲ ਨਾ ਕੋਈ ਸ਼ਰੀਕਾ
ਹੈ ਨਾ ਹੀ ਟਕਰਾਅ ਹੈ, ਸਗੋਂ ਗੁਰੂ ਕੀ ਮੁਹਰ (ਕੇਸਾਂ) ਨੂੰ ਪੂਰਨ ਅਦਬ
ਸਤਿਕਾਰ ਨਾਲ ਸੰਭਾਲਣ ਤੇ ਕੇਸਾਂ ਦੀ ਮਹੱਤਤਾ ਨੂੰ ਕਾਇਮ ਦਾਇਮ
ਰੱਖਣ ਲਈ ਸਹਾਇਕ ਹੈ। ਕੇਸਾਧਾਰੀ, ਪਰ ਦਸਤਾਰ (ਕੇਸਕੀ)-ਹੀਣ
ਵਿਅਕਤੀ ਵਾਲਾਂ ਵਾਲਾ ਮਨੁੱਖ (ਮਰਦ ਇਸਤ੍ਰੀ) ਤਾਂ ਹੋ ਸਕਦਾ ਹੈ, ਸਿਖ
ਨਹੀਂ। ਏਸੇ ਤਰ੍ਹਾਂ ਦਸਤਾਰ-ਧਾਰੀ ਪਰ ਕੇਸ-ਹੀਣ ਵਿਅਕਤੀ ਕੁਝ ਹੋਰ
ਭਾਵੇਂ ਹੋਵੇ, ਸਿਖ ਨਹੀਂ ਹੋ ਸਕਦਾ।

ਅਮੋਲਕ ਰੱਬੀ ਦਾਤਿ ਅਤੇ ਗੁਰੂ ਕੀ ਮੁਹਰ-ਕੇਸਾਂ-ਦੀ-ਸੰਭਾਲ
ਲਈ ਦਸਤਾਰ (ਕੇਸਕੀ) ਖ਼ਾਲਸਾ ਰਹਿਤ ਦਾ ਮਹੱਤਵ ਪੂਰਣ ਬਾਹਰਮੁਖੀ
ਚਿੰਨ੍ਹ ਹੈ। ਜਿਥੋਂ ਤੱਕ ਕੇਸਾਂ ਦਾ ਸੰਬੰਧ ਹੈ, ਅਖੰਡ ਕੀਰਤਨੀ ਜੱਥੇ ਨਾਲੋਂ
ਵੱਡਾ ਕੇਸਾਂ ਦਾ ਮੁਦਈ ਤੇ ਸ਼ੈਦਾਈ (ਪ੍ਰੇਮੀ) ਹੋਰ ਕਿਹੜਾ ਹੈ ? ਕੇਸਾਂ ਨੂੰ

ਸਹੀ ਰੂਪ ਵਿਚ ਗੁਰੂ ਕੀ ਮੁਹਰ ਜਾਣ ਕੇ ਸਤਿਕਾਰ ਕਰਨਾ, ਨਿਤਾ ਪ੍ਰਤਿ ਸਕੇਸ਼ ਇਸ਼ਨਾਨ ਕਰਨਾ, ਕੇਸਾਂ ਨੂੰ ਦਸਤਾਰ (ਕੇਸਕੀ) ਨਾਲ ਸੰਭਾਲ ਕੇ ਅਦਬ ਨਾਲ ਰਖਣਾ, ਦੋਨੋਂ ਵਕਤ ਕੰਘਾ ਕਰਨਾ, ਦਾੜ੍ਹਾ ਪ੍ਰਕਾਸ਼ ਰੱਖਣਾ, ਸਿਧਾ-ਸਾਦਾ ਗੁਰਮੁਖੀ ਪਹਿਰਾਵਾ ਰੱਖਣਾ, ਇਹ ਅਖੰਡ ਕੀਰਤਨੀ ਜਥੇ ਦੀਆਂ ਵਿਸ਼ੇਸ਼ਤਾਈਆਂ ਸਾਰਾ ਸਿਖ ਜਗਤ ਜਾਣਦਾ ਹੈ।

ਖ਼ਾਲਸਾ ਰਹਿਤ ਵਿਚ ਅਖੰਡ ਕੀਤਰਨੀ ਜੱਥੇ ਨੇ ਕੋਈ ਤਬਦੀਲੀ ਨਹੀਂ ਕੀਤੀ, ਸਗੋਂ ਅਜਿਹਾ ਕਰਨ ਨੂੰ ਕੁਫ਼ਰ ਸਮਝਦਾ ਹੈ। ਤਬਦੀਲੀ ਉਨ੍ਹਾਂ ਨੇ ਕੀਤੀ ਹੈ ਜੋ ਦਸਤਾਰ (ਕੇਸਕੀ) ਨੂੰ ਰਹਿਤ ਮਰਯਾਦਾ ਦਾ ਅੰਗ ਮੰਨਣ ਤੋਂ ਆਕੀ ਹੋਏ ਫਿਰਦੇ ਹਨ ਅਤੇ ਜਿਨ੍ਹਾਂ ਨੇ ਖ਼ਾਲਸਾ ਬੀਬੀਆਂ ਨੂੰ ਛੁੱਟੀ ਦੇ ਰੱਖੀ ਹੈ ਅਤੇ ਜਿਨ੍ਹਾਂ ਦੇ ਅਰਧ-ਅੰਗੀ ਪਰਵਾਰ ਨੰਗੇ ਸਿਰੀਂ ਵਿਚਰ ਕੇ ਕੇਸਾਂ ਦੀ ਬੇਅਦਬੀ ਕਰਦੇ ਫਿਰਦੇ ਹਨ।

ਕਈ ਵਿਅਕਤੀ ਆਪਣੀ ਲਾ-ਇਲਮੀ ਅਧੀਨ ਜਾਂ ਸ਼ਰਾਰਤੀ ਵਾਦੀ ਅਧੀਨ ਇਕ ਫ਼ਤਵਾ ਸਾਦਰ ਕਰਦੇ ਹਨ :-

"ਜਿਵੇਂ ਕੇਸ ਤੇ ਸਰੀਰ ਦਾ ਇਕ ਰੋਮ ਵੀ ਕਟਵਾਉਣਾ ਬਜਰ ਕੁਰਹਿਤ ਹੈ, 'ਕੇਸਾਂ' ਨੂੰ ਰਹਿਤ ਦਾ ਜ਼ਰੂਰੀ ਅੰਗ ਨਾ ਮੰਨਣਾ ਵੀ ਓਡੀ ਹੀ ਬਜਰ ਕੁਰਹਿਤ ਹੈ।"

ਇਹ ਫ਼ਤਵਾ ਅਖੰਡ ਕੀਰਤਨੀ ਜਥੇ ਉਤੇ ਤਾਂ ਕਿਵੇਂ ਵੀ ਨਹੀਂ ਲਗਦਾ। ਉਹ ਤਾਂ ਕੇਸਾਂ ਦਾ ਸਤਿਕਾਰ ਅਤੇ ਪ੍ਰਤਿਪਾਲਨਾ ਕਰਨ ਵਿਚ ਪੰਥ ਚੋਂ ਕਿਸੇ ਤੋਂ ਪਿਛੇ ਨਹੀਂ, ਸਗੋਂ ਸਭ ਤੋਂ ਮੂਹਰੇ ਹਨ।

**ਕੇਸਕੀ ਕਕਾਰ-**

ਭਾਈ ਚਉਪਾ ਸਿੰਘ ਜੀ ਦੇ ਰਹਿਤਨਾਮੇ ਦੀ ਟੂਕ "ਕਛ ਕੜਾ ਕਿਰਪਾਨ ਕੰਘਾ ਕੇਸਕੀ" ਸੰਬੰਧੀ ਟਿਪਣੀ ਕਰਦੇ ਇਕ ਵਿਦਵਾਨ ਜੀ ਲਿਖਦੇ ਹਨ ਕਿ -

"ਕਛ, ਕੜਾ, ਕਿਰਪਾਨ, ਕੰਘਾ (ਅਤੇ) ਕੇਸ ਕੀ (ਦੀ) ਇਹ ਪੰਜ ਕਕਾਰੀ ਰਹਿਤ (ਜੋ) ਧਾਰੇ (ਉਹ) ਸਿਖ (ਹੈ)। ਕਿਸੇ ਰਹਿਤਨਾਮੇ ਨੇ 'ਕੇਸਕੀ' ਨੂੰ ਦਸਤਾਰ ਨਹੀਂ ਕਿਹਾ, ਨਾ ਹੀ ਕਿਸੇ ਰਹਿਤਨਾਮੇ ਵਿਚ ਕੇਸਕੀ ਦਾ ਸੰਕੇਤ ਤੱਕ ਆਉਂਦਾ ਹੈ।"

ਰਹਿਤਨਾਮਿਆਂ ਬਾਰੇ ਰੀਸਰਚ ਕਰਨ ਵਾਲੇ ਖੋਜੀ ਵਿਦਵਾਨ ਇਸ ਸਿਟੇ ਤੇ ਪੁਜੇ ਹਨ ਕਿ ਰਹਿਤਨਾਮਾ ਕੋਈ ਵੀ ਸ੍ਰੀ ਮੁਖਵਾਕ ਨਹੀਂ, ਭਾਵੇਂ ਕਈ ਲਿਖਾਰੀਆਂ ਨੇ ਆਪਣੀ ਲਿਖਤ ਨੂੰ ਮੁਸਤਨਿਦ ਪ੍ਰਗਟ ਕਰਨ ਲਈ

ਪਾਤਸ਼ਾਹੀ ਦਸਵੀਂ ਨਾਲ ਸਬੰਧਤ ਕੀਤਾ ਹੈ। ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ਦੀ ਪੁਸਤਕ 'ਰਹਿਤਨਾਮੇ' ਵਿਚ ਲਿਖਦੇ ਹਨ :-

"ਇਹ ਗੱਲ ਸਾਫ਼ ਹੈ ਕਿ ਕੋਈ ਰਹਿਤਨਾਮਾ ਸ੍ਰੀ ਮੁਖ ਵਾਕ ਜਾਂ ਗੁਰੂ ਗੋਬਿੰਦ ਸਿੰਘ ਰਚਿਤ ਨਹੀਂ। ਜੇ ਅਜਿਹਾ ਹੁੰਦਾ ਤਾਂ ਦਸਮ ਗ੍ਰੰਥ ਵਿਚ ਜ਼ਰੂਰ ਦਰਜ ਹੁੰਦਾ। ਮਲੂਮ ਹੁੰਦਾ ਹੈ ਕਿ ਅਠਾਰ੍ਹਵੀਂ ਸਦੀ ਵਿਚ ਇਨ੍ਹਾਂ ਦੀ ਰਚਨਾ ਹੋਈ।

ਕੁਝ ਰਹਿਤਨਾਮਿਆਂ ਵਿਚ ਕੁਝ ਕੁ ਗੱਲਾਂ ਅਜਿਹੀਆਂ ਅੰਕਤ ਹਨ ਜੋ ਗੁਰਮਤਿ ਅਨੁਸਾਰੀ ਨਹੀਂ।

ਬਾਕੀ ਜੋ ਕਥਨ ਗੁਰਬਾਣੀ ਆਸ਼ੇ ਦਤੇ ਪ੍ਰਤਿਕੂਲ ਹੈ, ਉਸ ਨੂੰ ਜੇ ਕਿਸੇ ਰਹਿਤਨਾਮੇ ਵਿਚ ਲਿਖਿਆ ਗਿਆ ਹੈ ਤਾਂ ਜ਼ਰੂਰੀ ਨਹੀਂ ਕਿ ਸਿਖ ਉਸ ਨੂੰ ਪ੍ਰਵਾਨ ਕਰੇ। ਅੰਤਮ ਪ੍ਰਮਾਣ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਪਵਿਤਰ ਬਚਨ ਹੀ ਹਨ।"

(ਰਹਿਤਨਾਮੇ, ਪੰਨਾ ੪੩-੪੪)

"ਕਿਸੇ ਵੀ ਰਹਿਤਨਾਮੇ ਵਿਚ ਇਹਨਾਂ ਪੰਜਾਂ ਕਕਾਰਾਂ ਦਾ ਇਕੱਠਾ ਜ਼ਿਕਰ ਨਹੀਂ ਆਉਂਦਾ। ਵਖ ਵਖ ਥਾਵਾਂ ਤੇ ਇਹਨਾਂ ਦੇ ਸੰਕੇਤ ਮਿਲਦੇ ਹਨ।"

(ਰਹਿਤਨਾਮੇ, ਪੰਨਾ ੩੪)

"ਹੋਰ ਭੀ ਕਿਸੇ ਪੁਰਾਤਨ ਲਿਖਤ ਵਿਚ ਪੰਜ ਕਕਾਰਾਂ ਦਾ ਵੇਰਵਾ ਨਹੀਂ ਮਿਲਿਆ, ਸਿਵਾਇ "ਜੀਵਨ ਚਰਿਤ੍ਰ ਬਾਬਾ ਬੁੱਢਾ ਜੀ" ਦੇ, ਜੋ ਮਸਾਂ ਚਾਲੀ ਕੁ ਵਰ੍ਹਿਆਂ ਯਾਨੀ ਸਿੰਘ ਸਭਾ ਲਹਿਰ ਸਮੇ ਦੀ ਰਚਨਾ ਹੈ।

(ਪ੍ਰੇਮ ਸੁਮਾਰਗ ਗ੍ਰੰਥ ਦੇ ਅਰੰਭ ਵਿਚ ਇਤਿਹਾਸਕ ਵਿਚਾਰ, ਵਲੋਂ ਭਾ: ਰਣਧੀਰ ਸਿੰਘ ਰੀਸਰਚ ਸਕਾਲਰ, ਪੰਨਾ ੪੫)

ਜਿਥੋਂ ਤੱਕ ਖ਼ਾਲਸੇ ਦੇ ਬਾਹਰਮੁਖੀ ਚਿਨ੍ਹਾਂ ਦਾ ਸਬੰਧ ਹੈ, ਇਨ੍ਹਾਂ ਨੂੰ ਰਹਿਤ ਮਰਯਾਦਾ ਦੇ ਸੋਚੇ ਵਿਚ ਇਕੱਠੇ ਕਰਨ ਲਈ ਕਿਸੇ ਸਮੇਂ ਉਹਨਾਂ ਕੇਸਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ। ਅਜਿਹਾ ਕੀਤੇ ਜਾਣ ਦੇ ਸੰਭਵ ਕਾਰਨ ਇਹ ਭਾਸਦੇ ਹਨ :-

(ੳ) ਸਾਰੇ ਚਿੰਨ੍ਹਾਂ ਦੇ ਪਹਿਲੇ ਅੱਖਰ (ਕ) ਵਿਚ ਇਕ-ਸਾਰਤਾ ਰਖਣ ਲਈ ਤੇ ਉਹਨਾਂ ਨੂੰ 'ਕਕਾਰ' ਦੀ ਸੰਗਿਆ ਦੇ ਕੇ ਲਾਗੂ ਕਰਨ ਲਈ, ਹਾਲਾਂ ਕਿ ਬਾਹਰਮੁਖੀ ਖਾਲਸਈ ਚਿੰਨ੍ਹਾਂ ਲਈ 'ਕਕਾ' ਜਾਂ 'ਕਕਾਰ' ਸ਼ਬਦ ਪੁਰਾਤਨ ਰਹਿਤਨਾਮਿਆਂ ਵਿਚ ਨਜ਼ਰ ਨਹੀਂ ਪੈਂਦਾ।

(ਅ) ਦਸਤਾਰ (ਕੇਸਕੀ) ਦੀ ਛੋਟ ਦੇਣ ਲਈ, ਸ਼ਾਇਦ ਇਸ ਲਈ ਕਿ ਇਹ 'ਦ' ਅੱਖਰ ਤੋਂ ਅਰੰਭ ਹੋਣ ਕਾਰਨ ਕਕਿਆਂ ਵਿਚ ਫ਼ਿਟ ਨਹੀਂ ਹੁੰਦੀ ਅਤੇ ਦੂਜੇ ਇਸ ਦੀ ਧਾਰਨਾ ਅਮਲੀ ਤੌਰ ਤੇ ਸਿੱਖ ਬੀਬੀਆਂ ਵਿਚ ਮਧਮ ਜਾਂ ਅਲੋਪ ਹੋ ਚੁਕੀ ਹੈ।

ਇਸ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਦਸਤਾਰ (ਕੇਸਕੀ) ਧਾਰਨ ਕਰਨ ਸਬੰਧੀ ਰਹਿਤਨਾਮਿਆਂ ਵਿਚ ਸਪੱਸ਼ਟ ਸੰਕੇਤ ਮੌਜੂਦ ਹਨ ਤੇ ਸਭ ਤੋਂ ਮੁਸਤਨਿਦ ਸੰਕੇਤ ਗੁਰਬਾਣੀ ਵਿਚੋਂ ਮਿਲਦਾ ਹੈ।

ਜਿਥੋਂ ਤਕ ਕੇਸਾਂ ਦਾ ਸੰਬੰਧ ਹੈ, ਇਹ ਜਨਮ ਤੋਂ ਸਰੀਰ ਦਾ ਅੰਗ ਹਨ ਅਤੇ ਅਕਾਲ ਪੁਰਖ ਵੱਲੋਂ ਇਹ ਹਰ ਪ੍ਰਾਣੀ ਨੂੰ ਮਿਲੇ ਹੋਏ ਹਨ। ਸਤਿਗੁਰਾਂ ਵਲੋਂ ਕੇਸਾਂ ਦੇ ਕਤਲ ਕੀਤੇ ਜਾਣ ਦੀ ਮਨਾਹੀ ਕੀਤੀ ਗਈ ਤੇ ਕੇਸ ਕਤਲ ਕਰਾਉਣ ਵਾਲੇ ਨੂੰ ਪਤਿਤ ਅਥਵਾ ਸਿਖੀਓਂ ਖ਼ਾਰਜ ਦਸਿਆ ਗਿਆ। ਇਸ ਇਮਤਨਾਹੀ (ਮਨ੍ਹਾ ਕਰਨ ਵਾਲੇ) ਹੁਕਮ ਵਿਚ ਕੇਸਾਂ ਦਾ ਰਖੇ ਜਾਣਾ ਸੁਤੇ ਹੀ ਲੁਪਤ ਹੈ, ਕਿਸੇ ਵਖਰੇ ਹੁਕਮ ਦੀ ਆਵਸ਼ਕਤਾ (ਜ਼ਰੂਰਤ) ਨਹੀਂ। ਹਾਂ ਕੇਸਾਂ ਦੇ ਸਤਿਕਾਰ ਨੂੰ ਕਾਇਮ-ਦਾਇਮ ਰਖਣ ਲਈ ਅਤੇ ਗੁਰੂ ਕੀ ਮੋਹਰ ਜਾਣ ਕੇ ਇਹਨਾਂ ਦੀ ਸਾਰ-ਸੰਭਾਲ ਕਰਨ ਲਈ ਦਸਤਾਰ (ਕੇਸਕੀ) ਦਾ ਚਿੰਨ੍ਹ ਧਾਰਨ ਕੀਤੇ ਜਾਣ ਲਈ ਹੁਕਮ ਜ਼ਰੂਰ ਕੀਤਾ ਗਿਆ। ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿੰਨ੍ਹ ਰਹਿਤ ਦਾ ਭਾਗ ਹਨ। ਇਹਨਾਂ ਸਾਰਿਆਂ ਬਾਹਰਮੁਖੀ ਚਿੰਨ੍ਹਾਂ ਦੀ ਪਰਸਪਰ ਮਹੱਤਤਾ ਇਕ-ਸਾਰ ਹੈ ਤੇ ਉਸ ਵਿਚ ਕੋਈ ਫ਼ਰਕ ਨਹੀਂ। ਇਨ੍ਹਾਂ ਬਾਹਰਮੁਖੀ ਸਮੱਗਰ ਚਿੰਨ੍ਹਾਂ ਦੀ ਮਹਾਨਤਾ ਕੇਸਾਂ ਨਾਲ ਹੈ ਤੇ ਜੇ ਵਿਅਕਤੀ ਕੇਸਾਂ ਨੂੰ ਕਤਲ ਕਰਵਾ ਦੇਵੇ, ਉਸ ਦੇ ਸਮੱਗਰ ਚਿੰਨ੍ਹ ਧਾਰਨ ਕੀਤੇ ਕਿਸੇ ਲੇਖੇ ਨਹੀਂ। ਕੇਸਾਂ ਨੂੰ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿੰਨ੍ਹਾਂ ਵਿਚ ਸ਼ਾਮਲ ਕਰਨ ਨਾਲ ਕੇਸਾਂ ਦੀ ਮਹੱਤਤਾ ਘਟਦੀ ਹੈ, ਕਿਉਂ ਜੁ ਬਾਹਰਲੇ ਚਿੰਨ੍ਹਾਂ ਵਿਚੋਂ ਕਿਸੇ ਇਕ ਦੇ ਸਰੀਰ ਨਾਲੋਂ ਵਖ ਹੋ ਜਾਣ ਨਾਲ ਸਿਖ ਕੇਵਲ ਤਨਖਾਹੀਆ ਹੁੰਦਾ ਹੈ, ਪਰ ਕੇਸਾਂ ਦੇ ਤਨ ਨਾਲੋਂ ਜੁਦਾ ਕਰਨ ਨਾਲ (ਭਾਵ ਕਟਵਾਣ ਲਈ ) ਸਿਖ ਪਤਿਤ ਅਥਵਾ ਸਿੱਖੀ ਤੋਂ ਖ਼ਾਰਜ ਹੋ ਜਾਂਦਾ ਹੈ। ਕੇਸ ਸਿਖੀ ਦੀ ਜਿੰਦ ਜਾਨ ਹਨ, ਜਿਵੇਂ ਸਵਾਸ ਸਰੀਰ ਦੀ ਜਿੰਦ-ਜਾਨ ਹਨ। ਇਸੇ ਲਈ ਸਿਖ ਨਿਤ ਅਰਦਾਸ ਕਰਦਾ ਹੈ ਕਿ "ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ !"

ਇਸ ਤਰ੍ਹਾਂ ਸਪਸ਼ਟ ਹੈ ਕਿ ਕੇਸਾਂ ਨੂੰ ਬਾਹਰੋਂ ਧਾਰਨ ਕੀਤੇ ਜਾਣ ਵਾਲੇ ਚਿੰਨ੍ਹਾਂ ਵਿਚ ਸ਼ਾਮਲ ਕਰ ਕੇ ਬਾਹਰਲੇ ਅਸਲੀ ਚਿੰਨ੍ਹ ਦਸਤਾਰ (ਕੇਸਕੀ) ਨੂੰ ਮੂਲੋਂ ਹੀ ਚਿੰਨ੍ਹਾਂ ਵਿਚੋਂ ਖ਼ਾਰਜ ਕੀਤੇ ਜਾਣ ਨਾਲ ਕੌਮ ਨੂੰ ਬਹੁਤ ਹਾਨੀ ਪੁਜੀ ਹੈ। ਕੇਸਾਂ ਦੀ ਮਹੱਤਤਾ ਘਟੀ ਹੈ।

ਕੇਸਾਂ ਦੇ ਕਟਵਾਉਣ ਦੀ ਮਨਾਹੀ ਦੇ ਹੁਕਮ ਦੇ ਬਾਵਜੂਦ ਕੇਸਾਂ ਨੂੰ ਬਾਹਰਮੁਖੀ ਚਿੰਨ੍ਹਾਂ ਵਿਚ ਸ਼ਾਮਲ ਕਰਨ ਲਗਿਆਂ ਮੁਖ ਨਿਸ਼ਾਨਾ ਏਹਨਾਂ ਦਾ ਸਤਿਕਾਰ ਵਧਾਉਣਾ ਰਖਿਆ ਗਿਆ ਨਹੀਂ ਭਾਸਦਾ। ਜਾਪਦਾ ਹੈ ਕਿ ਇਹ ਕੇਵਲ ਦਸਤਾਰ (ਕੇਸਕੀ) ਨੂੰ ਚਿਨ੍ਹਾਂ ਵਿਚੋਂ ਬਾਹਰ ਰਖੇ ਜਾਣ ਲਈ ਹੀ ਕੀਤਾ ਗਿਆ। ਜੇ ਕੇਸਾਂ ਦੀ ਮਹੱਤਤਾ ਵਧਾਉਣਾ ਮੁਖ ਨਿਸ਼ਾਨਾ ਹੁੰਦਾ ਤਾਂ ਕੌਮ ਦੇ ਕਿਸੇ ਵਰਗ ਨੂੰ ਕੇਸਾਂ ਤੋਂ ਛੋਟ ਕਦਾਚਿਤ ਨਾ ਦਿਤੀ ਜਾਂਦੀ।

ਕਿਡੇ ਅੰਨ੍ਹੇਰ ਦੀ ਗੱਲ ਹੈ ਕਿ ਸਿਆਸੀ ਮੁਫਾਦ ਨੂੰ ਮੁਖ ਰਖ ਕੇ ਸਾਡੇ ਸਿਆਸਤ-ਨੁਮਾ ਧਾਰਮਕ ਆਗੂਆਂ ਨੇ ਇਕ ਵਰਗ ਨੂੰ ਛੋਟ ਦੇ ਰਖੀ ਹੈ ਕਿ ਉਹ ਨਿਤ ਕੇਸਾਂ ਦੀ ਹਜਾਮਤ ਕਰ ਕੇ ਵੀ ਸਿਖੀ ਦਾ ਨਰੋਆ ਤੇ ਸਤਿਕਾਰ ਪੂਰਬਕ ਅੰਗ ਕਹਿ ਸਕਦਾ ਹੈ।

ਨਤੀਜਾ ਸਾਹਮਣੇ ਹੈ। ਸਮੁੱਚੀ ਕੌਮ ਦਾ ਕਾਫੀ ਤੋਂ ਜ਼ਿਆਦਾ ਹਿੱਸਾ ਕੇਸਾਂ ਦੀ ਕਿਸੇ ਰੂਪ ਵਿਚ ਬੇਅਦਬੀ ਕਰਨ ਦਾ ਵਿਕਾਰੀ ਹੋ ਗਿਆ ਹੈ। ਮੂਲ ਰੂਪ ਵਿਚ ਦੋਸ਼ ਸਾਡਾ ਆਪਣਾ ਹੈ, ਜਿਨ੍ਹਾਂ ਨੇ ਕੌਮ ਦੇ ਇਕ ਵਰਗ ਨੂੰ ਖੁਲ੍ਹੀ ਛੁੱਟੀ ਦੇ ਰਖੀ ਹੈ ਕਿ ਨਿਤ ਕੇਸਾਂ ਦੀ ਮੁਕੰਮਲ ਤੌਰ ਤੇ ਹਜਾਮਤ ਕਰਦਿਆਂ ਹੋਇਆਂ ਵੀ ਉਹ ਸਿਖ ਹੈ। ਸਵਾਲ ਸਿੱਧਾ ਹੈ ਕਿ ਜੇ ਨਿਤ ਕੇਸਾਂ ਦੀ ਹਜਾਮਤ ਕਰਨ ਵਾਲਾ 'ਸਿਖ' ਹੋ ਸਕਦਾ ਹੈ ਤਾਂ ਅਧ-ਪਚੱਧੀ ਹਜਾਮਤ ਕਰਨ ਵਾਲਾ ਸਿਖੀਓਂ ਖ਼ਾਰਜ ਕਿਓਂ ? ਹਰ ਕੌਮ ਵਿਚ ਕੁਝ ਗੈਰ-ਜ਼ਿਮੇਵਾਰੀ ਕਚ ਘਰੜ ਅਤੇ ਢਹਿੰਦੀ ਕਲਾ ਵਾਲਾ ਅਨਸਰ ਹੁੰਦਾ ਹੈ। ਇਹ ਅਨਸਰ ਢਹਿੰਦੀ ਕਲਾ ਵਿਚ ਜਾਣ ਲਈ ਹਰ ਵੇਲੇ ਕੋਈ ਰਾਹ ਭਾਲਦਾ ਰਹਿੰਦਾ ਹੈ। ਸੋ ਰਾਹ ਅਜਿਹੇ ਅਨਸਰ ਨੂੰ ਮਿਲ ਗਿਆ। ਇਸ ਦੇ ਫਲ ਸਰੂਪ ਅਜ ਪਤਿਤਾਈ ਦਾ ਹੜ੍ਹ ਆ ਗਿਆ ਹੈ। ਜਿਹੜਾ ਵਿਅਕਤੀ ਫੈਸ਼ਨ-ਪ੍ਰਸਤੀ ਅਧੀਨ ਅੰਮ੍ਰਿਤਸਰ ਵਿਚ ਪਤਿਤ ਹੁੰਦਾ ਹੈ, ਉਹ ਦਿੱਲੀ ਜਾ ਕੇ ਸਹਿਜਧਾਰੀ ਬਣ ਬੈਠਦਾ ਹੈ। ਅੱਗੇ ਮਰਯਾਦਾ ਸੀ ਕਿ ਧਰਮ-ਅਸਥਾਨਾਂ ਤੇ ਪਤਿਤ ਵਿਅਕਤੀ ਦਾ ਪ੍ਰਸ਼ਾਦ ਪਰਵਾਨ ਨਹੀਂ ਸੀ ਕੀਤਾ ਜਾਂਦਾ। ਅਜ ਖੁਲ੍ਹ ਹੈ, ਹਰ ਕੋਈ ਪ੍ਰਸ਼ਾਦ ਚੜ੍ਹਾਣ ਦਾ ਅਧਿਕਾਰੀ ਹੈ। ਧਰਮ-ਅਸਥਾਨਾਂ ਦੇ ਪ੍ਰਬੰਧਕਾਂ ਨੂੰ ਆਮਦਨ

ਚਾਹੀਦੀ ਹੈ, ਅਸੂਲ ਦੀ ਭਾਵੇਂ ਮਿਟੀ ਪਲੀਤ ਪਈ ਹੋਵੇ। ਕੁਝ ਚਿਰ ਪਹਿਲਾਂ ਦੇ 'ਪਤਿਤ' ਵਿਅਕਤੀ ਅਜ 'ਸਹਿਜਧਾਰੀ' ਦੇ ਰੂਪ ਵਿਚ ਆਪਣੇ ਐਸ਼ਵਰਜ ਦੇ ਬਲ-ਬੋਤੇ ਉਤੇ ਸਿਖ ਸੰਸਥਾਵਾਂ ਦੇ ਮੁਖ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਬਣੇ ਹੋਏ ਹਨ।

ਸਵਾਲ ਉਠਦਾ ਹੈ :-

(ੳ) ਕੀ ਸਿਖ ਧਰਮ ਵਿਚ ਗੁਰ-ਦੀਖਿਅਤ ਹੋਣਾ ਜ਼ਰੂਰੀ ਹੈ ?

(ਅ) ਜੇ ਹੈ ਤਾਂ ਉਸ ਲਈ ਕੀ ਸ਼ਰਤ ਹੈ ?

(ੲ) ਜੇ ਕੋਈ ਸ਼ਰਤ ਹੈ ਤਾਂ ਕੀ ਕੇਸ-ਹੀਣ ਵਿਅਕਤੀ ਉਹ ਸ਼ਰਤ ਪੂਰੀ ਕਰਦੇ ਹਨ ?

(ਸ) ਜੇ ਪੂਰੀ ਕਰਦੇ ਹਨ ਤਾਂ ਪਿਛਲੀ ਸਦੀ ਵਿਚ ਕਿੰਨੇ ਕੇਸ-ਹੀਣ ਵਿਅਕਤੀਆਂ ਨੂੰ ਗੁਰ-ਦੀਖਿਅਤ ਕੀਤਾ ਗਿਆ ਹੈ ?

(ਹ) ਜੇ ਨਹੀਂ ਕੀਤਾ ਗਿਆ ਤਾਂ ਕਿਉਂ ?

ਸਾਰੀ ਉਮਰ ਕੇਸਾਂ ਦੀ ਹਜ਼ਾਮਤ ਕਰੀ ਜਾਣ ਵਾਲਾ ਵਿਅਕਤੀ ਸਹਿਜਧਾਰੀ ਸਿਖ ਕਿਵੇਂ ਹੋਇਆ ?

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਕੇਸ-ਹੀਣ ਸਜਣ ਬੜੇ ਪ੍ਰੇਮ ਨਾਲ ਗੁਰਬਾਣੀ ਪੜ੍ਹਦੇ ਹਨ। ਉਹਨਾਂ ਦੇ ਚਰਨਾਂ ਤੋਂ ਕੁਰਬਾਨ ! ਉਹ ਮੁਬਾਰਕ ਇਨਸਾਨ ਹਨ। ਪਰ ਕੋਈ ਮਨੁਖ ਸਿਖ ਤਾਂ ਹੀ ਅਖਵਾ ਸਕਦਾ ਹੈ ਜੇ ਕੇਸ ਨਾ ਮੁਨਾਵੇ। ਅਜਿਹੇ ਗੁਰਬਾਣੀ ਦੇ ਪ੍ਰੇਮੀਆਂ ਲਈ, ਜਿਹੜੇ ਮਨ ਕਰਕੇ ਗੁਰਬਾਣੀ ਅਤੇ ਸਿਖੀ ਨੂੰ ਪ੍ਰੇਮ ਕਰਦੇ ਹਨ, ਤਨ ਦੀ ਸਿਖੀ ਧਾਰਨ ਕਰਨਾ ਅਥਵਾ ਜਟਾ-ਜੂਟ ਰਹਿਣਾ ਕੋਈ ਕਠਿਨ ਕੰਮ ਨਹੀਂ। ਪਰ ਉਹਨਾਂ ਨੂੰ ਹਜਾਮਤ ਦੀ ਖੁਲ੍ਹ ਦੇ ਕੇ ਅਸਾਂ ਆਪ ਕੰਮ ਵਿਗਾੜਿਆ ਹੋਇਆ ਹੈ। ਉਹਨਾਂ ਵਿਚਾਰਿਆਂ ਦਾ ਕੀ ਕਸੂਰ ?

ਭਾਈ ਨੰਦ ਲਾਲ (ਸਿੰਘ) ਜੀ, ਜਿਨ੍ਹਾਂ ਦੀ ਮਿਸਾਲ ਸਾਡੇ ਵਿਦਵਾਨ ਅਤੇ ਅਖੌਤੀ ਸਹਿਜਧਾਰੀ ਪੁਰਸ਼ ਕੇਸਾਂ ਦੀ ਹਜਾਮਤ ਦੀ ਪੁਸ਼ਟੀ ਵਿਚ ਦੇਂਦੇ ਹਨ, ਭਾਈ ਨੰਦ ਲਾਲ ਜੀ ਦਾ ਇਸ ਸੰਬੰਧੀ ਨਿਜੀ ਵਿਚਾਰ ਪਾਠਕਾਂ ਦੇ ਪੇਸ਼ ਕਰਨਾ ਬੜੀ ਦਿਲਚਸਪੀ ਪੈਦਾ ਕਰੇਗਾ। ਆਪ ਜੀ ਦੇ ਰਹਿਤਨਾਮੇ ਵਿਚ ਹੇਠ ਲਿਖੇ ਬਚਨ ਅੰਕਤ ਮਿਲਦੇ ਹਨ :-

(੧) ਅਰ ਜੋ ਮੇਰਾ ਸਿਖ ਹੋਸੀ ਸੋ ਉਸਤਰਾ ਨ ਲਾਵਸੀ। ਅਰ ਮੇਰੇ ਸਿਖ ਨੇ ਜਿਹਾ ਉਸਤਰਾ ਲਾਇਆ ਅਤੇ ਦਾੜ੍ਹੀ ਮੁੰਨੀ ਤੇਹਾ ਧੀਅ ਨਾਲ ਸੰਗ ਕੀਤਾ।

(ਸਾਖੀ ਰਹਿਤ ਕੀ, ਭਾਈ ਨੰਦ ਲਾਲ ਦੀ)

(੨) ਬਚਨ ਹੈ ਸ੍ਰੀ ਗੁਰੂ ਜੀ ਕਾ ਕਿ ਜੇ ਕੋਈ ਸਿਖ ਦਾ ਬੇਟਾ ਹੋਇ ਅਰ ਮੋਨਾ ਹੋਇ ਜਾਵੇ, ਤਿਸ ਕੀ ਜੜ੍ਹ ਸੁਕੀ। ਅਰ ਜੇ ਮੋਨਾ ਸਿਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ।

(ਤਨਖਾਹ ਨਾਮਾ ਭਾਈ ਨੰਦ ਲਾਲ ਜੀ)

ਉਪਰੋਕਤ ਬਚਨਾਂ ਦੀ ਰੌਸ਼ਨੀ ਵਿਚ ਕੀ ਕੋਈ ਕਿਆਸ ਕਰ ਸਕਦਾ ਹੈ ਕਿ ਭਾਈ ਨੰਦ ਲਾਲ ਜੀ ਖ਼ੁਦ ਕੇਸ-ਹੀਣ ਸਨ ? ਫਿਰ ਕੋਈ ਕੇਸਾਂ ਦਾ ਮੰਦਾ ਚਿਤਵਨ ਵਾਲਾ ਸਿਖ ਕਿਵੇਂ ਅਖਵਾ ਸਕਦਾ ਹੈ ?

ਰਹਿਤ ਵਿਚ ਰਲਾ ਪਾਉਣ ਵਾਲਿਆਂ ਨੇ ਇਕ ਰਹਿਤਨਾਮਾ ਸਹਿਜਧਾਰੀਆਂ (ਵਾਜਬੁਲਅਰਜ਼) ਵੀ ਲਿਖ ਮਾਰਿਆ ਹੋਇਆ ਹੈ, ਜਿਸ ਵਿਚ ਸ੍ਵੈ-ਵਿਰੋਧੀ ਯਭਲੀਆਂ ਮਾਰੀਆਂ ਹੋਈਆਂ ਹਨ। ਗੱਲ ਸਪੱਸ਼ਟ ਹੈ। ਅਸੂਲ ਅਥਵਾ ਮਰਯਾਦਾ ਦੇ ਸੰਬੰਧ ਵਿਚ ਦੂਬਾਜਰਾ-ਪਨ (Double Standard) ਵਰਤਣ ਨਾਲ ਅਸੂਲ ਦੀ ਮਿੱਟੀ ਪਲੀਤ ਹੋ ਜਾਂਦੀ ਹੈ। ਕੇਸਾਂ ਨੂੰ ਬਾਹਰਮੁਖੀ ਚਿੰਨ੍ਹ ਮਿਥ ਕੇ ਅਤੇ ਦਸਤਾਰ (ਕੇਸਕੀ) ਅਸਲੀ ਚਿੰਨ੍ਹ ਨੂੰ ਮੂਲੋਂ ਉਡਾ ਕੇ ਕੌਮ ਦੀ ਹਾਨੀ ਹੋਈ ਹੈ। ਇਕ ਪਾਸੇ ਕੌਮ ਦਾ ਇਕ ਵੱਡਾ ਹਿੱਸਾ ਕਿਸੇ ਨਾ ਕਿਸੇ ਰੂਪ ਵਿਚ ਕੇਸਾਂ ਦੀ ਬੇਅਦਬੀ ਵਿਚ ਪਰਵਿਰਤ ਹੋ ਗਿਆ ਹੈ, ਦੂਜੇ ਪਾਸੇ ਸਿਖ ਬੀਬੀਆਂ ਫੈਸ਼ਨ ਦੇ, ਰੋੜ੍ਹ ਵਿਚ ਰੁੜ੍ਹ ਗਈਆਂ ਹਨ ਤੇ ਕੇਸਾਂ ਦੇ ਕਈ ਭਾਂਤਾਂ ਦੇ ਫ਼ੈਸ਼ਨ, ਗੁਤਾਂ, ਜਲੇਬੀਦਾਰ ਜੂੜੇ, ਪੋਨੀਟੇਲਾਂ, ਪਟੇ, ਲਿਟਾਂ ਆਦਿ ਬਣਾ ਕੇ "ਗੁਰੂ ਕੀ ਮੋਹਰ" ਦੀ ਬੇਅਦਬੀ ਕਰ ਕੇ ਗੁਰੂ ਤੋਂ ਬੇਮੁਖ ਹੋਈਆਂ ਫਿਰਦੀਆਂ ਹਨ। ਹੋਰਨਾਂ ਦੀ ਗੱਲ ਛੱਡੋ, ਕਈ ਅੰਮ੍ਰਿਤ-ਧਾਰੀ ਬੀਬੀਆਂ ਵੀ ਘਰਾਂ ਵਿਚ ਕੰਮ ਕਾਜ ਕਰਦਿਆਂ ਆਮ ਨੰਗੇ ਸਿਰ ਵਿਚਰਦੀਆਂ ਹਨ। ਏਥੇ ਹੀ ਬਸ ਨਹੀਂ, ਬਜ਼ਾਰਾਂ ਵਿਚ ਵੀ ਨੰਗੇ ਸਿਰ ਫਿਰਦੀਆਂ ਦੇਖੀਦੀਆਂ ਹਨ। ਦੋਹਰੀ ਦਸਤਾਰ, ਗਾਤਰੇ ਕਿਰਪਾਨ, ਪ੍ਰਕਾਸ਼ ਦਾਹੜੇ ਵਾਲੇ ਅੰਮ੍ਰਿਤ-ਧਾਰੀ ਸਿੰਘਾਂ ਨਾਲ ਉਹਨਾਂ ਦੀਆਂ ਘਰ ਵਾਲੀਆਂ ਬਜ਼ਾਰਾਂ ਵਿਚ ਨੰਗੇ ਸਿਰੀਂ ਫਿਰਦੀਆਂ ਕਿੱਡਾ ਹਾਸੇ-ਹੀਣਾ ਦ੍ਰਿਸ਼ ਪੇਸ਼ ਕਰਦੀਆਂ ਹਨ ! ਫ਼ੈਸ਼ਨ ਦੀਆਂ ਮੁੱਠੀਆਂ ਹੋਈਆਂ ਦੇ ਸਿਰ ਤੇ ਦੁਪੱਟਾ ਟਿਕਦਾ ਹੀ ਨਹੀਂ। ਵਡੇ ਵਡੇ ਧਾਰਮਕ ਆਗੂਆਂ ਦੇ ਪਰਵਾਰਾਂ ਦੀ ਇਹੀ ਗੱਲ ਹੈ।

ਫਿਰ ਉਹਨਾਂ ਬੀਬੀਆਂ ਦੇ ਖ਼ਾਲਸਾ ਹੋਣ ਦੀ ਕੀ ਪਛਾਣ ਹੈ ? ਸਤਿਗੁਰਾਂ ਦਾ ਬਚਨ ਹੈ "ਦੀਦਾਰ ਖ਼ਾਲਸੇ ਕਾ" ਕਿਉਂਕਿ ਖ਼ਾਲਸਾ ਸਤਿਗੁਰਾਂ ਦਾ ਖ਼ਾਸ ਰੂਪ ਹੈ (ਖ਼ਾਲਸਾ ਮੇਰੋ ਰੂਪ ਹੈ ਖ਼ਾਸ), ਇਹ ਬਚਨ

ਕੇਵਲ ਪੁਰਸ਼-ਖ਼ਾਲਸੇ ਲਈ ਨਹੀਂ,
ਦਸਤਾਰ (ਕੇਸਕੀ) 'ਰਹਿਤ'
ਇਹ ਦੋਸ਼ ਕਿ 'ਉਹਨਾਂ ਰਹਿਤ ਬਦ
ਹੈ। ਇਹ ਤਾਂ 'ਉਲਟਾ ਚੋਰ ਕੋਤ
ਅਖੰਡ ਕੀਰਤਨੀ ਜਥੇ ਦੇ ਸਿੰਘ ਮ
ਸਿਰਾ" ਅਨੁਸਾਰ ਕੇਸਾਂ ਦੀ ਰਹਿਤ
ਕੇ ਸਤਿਗੁਰਾਂ ਦੇ ਹੁਕਮਾਂ ਦੀ ਪਾਲ
ਸਿਖ-ਆਚਾਰ ਦੇ ਗੌਰਵ ਵਿਚ ਵਾਧ
ਉਹਨਾਂ ਤੇ, ਜੋ ਗੁਰੂ ਕੀ ਮੁਹਰ (ਕੇਸ)
ਹੋਰ ਢੰਗ ਨਾਲ ਇਸ ਦੀ ਬੇਅਦਬੀ ਕ
ਹੈ ਉਹਨਾਂ ਉਤੇ, ਜੋ ਅਜਿਹੀ ਨਿਘਰੀ

ਘੋਰ ਕਲਜੁਗ ਵਰਤ ਰਿਹਾ ਹੈ।
ਰਹਿਤ ਵਲੋਂ ਬੇਰੁਖ਼ੀ ਸਾਹਮਣੇ ਨਜ਼ਰ
ਦਸਤਾਰ ਸਿਰਾ" ਬਚਾਅ ਦਾ ਇਕੋ ਇਕ
ਅਲੋਪ ਹੋ ਚੁਕੇ ਸਾਧਨ ਨੂੰ ਫਿਰ ਅਪਣਾਅ
ਕੌਮ ਦੇ ਮੁਹਾਣਿਆ ... ਧਿਆਨ ਇਸ ਪਾ
ਪਾਲਣ

www.sikhbookclub.com

ਘ ਜੀ ਲਿਖਤ ਪੁਸਤਕਾਂ

ਮ ਦਾ ਦਾਤਾ ਸਤਿਗੁਰੂ

ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ

ਨਾਮ ਅਭਿਆਸ ਕਮਾਈ

ਸਚ ਨਿਰਣੈ

ਅਧਿਆਤਮ ਕਰਮ ਫਿਲਾਸਫ਼ੀ

ਕਮਲ ਕੀ ਮਉਜ

ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣੈ

ਟ ਸ਼ਬਦ ਦਸਮ ਦੁਆਰ

ਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ

ਵਿਗਾਸ (ਮਹਾਂ ਕਾਵਿ)

ਸ਼ਨ ਝਲਕਾਂ (ਕਾਵਿ-ਉਡਾਰੀਆਂ)

sm

www.sikhbookclub.com

SIKHBOOKCLUB.COM

# 'ਸੂਰਾ' ਮਾਸਕ ਪੱਤਰ, ਲੁਧਿਆਣਾ

ਅਖੰਡ ਕੀਰਤਨੀ ਜੱਥੇ ਵਲੋਂ ਛਪ ਰਿਹਾ 'ਸੂਰਾ' ਮਾਸਕ ਪੱਤਰ ਨਿਰੋਲ ਧਾਰਮਕ ਪੱਤਰ ਹੈ। ਇਸ ਦਾ ਮੰਤਵ ਹੈ :-

੧. ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦਾ ਦੇਸ਼ ਤੇ ਵਿਦੇਸ਼ਾ ਵਿੱਚ ਪ੍ਰਚਾਰ ਕਰਨਾ।

੨. ਆਦਰਸ਼ਕ ਸੱਚੇ ਸੁੱਚੇ ਗੁਰਮਤਿ ਜੀਵਨ ਨੂੰ ਅਪਨਾਉਣਾ।

੩. ਸਿੱਖ ਧਰਮ, ਗੁਰਮਤਿ ਅਤੇ ਗੁਰਮਤਿ ਰਹਿਤ-ਰਹਿਣੀ ਨਾਲ ਪਿਆਰ ਉਪਜਾਉਂ ਲਈ ਜਤਨ।

ਸਿੱਖ ਇਤਿਹਾਸਕ ਘਟਨਾਵਾਂ ਨੂੰ ਪੇਸ਼ ਕਰਦੇ ਰਹਿਣਾ।

...ਨਾਂ ਨੂੰ ਕੁਸੰਗਤ ਤੋਂ ਬਚਣ ਤੇ ਸੁਭ ਗੁਣਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨ...

...ੀਆਂ ਅਤੇ ਨਸ਼ਿਆਂ ਆਦਿ ਤੋਂ ਰੋਕਣ ਲਈ ਜਤਨ।

...ਰੱਖਣ ਲਈ ਪ੍ਰਭਾਵਸ਼ਾਲੀ ਵਿਚਾਰਾਂ ਦਾ ਪ੍ਰਚਾਰ।

...ਰੱਖਣ ਲਈ ਪ੍ਰੇਰਨਾ।